# ਪੇਪੀਲੋਮੇਵਾਇਰਸ ਐਚ ਪੀ ਵੀ ਦੇ ਟੀਕੇ

Human papillomavirus (HPV)

## ਮਾਪਿਆਂ ਦੀ ਜਾਣਕਾਰੀ ਲਈ ਸ਼ੀਟ

**ਐਨ ਐਸ ਡਬਲਯੂ ਹੈਲਥ ਰੋਗਾਂ ਵਿਰੁੱਧ ਸਰੀਰਕ ਸੁਰੱਖਿਆ ਪ੍ਰਦਾਨ ਕਰਨ ਵਾਲੇ ਟੀਕਿਆਂ, ਜ਼ਿਹਨਾਂ ਦੀ ਸਿਫ਼ਾਰਸ਼ ਨੈਸ਼ਨਲ ਹੈਲਥ ਅਤੇ ਮੈਡੀਕਲ ਰਿਸਰਚ ਕੌਂਸਲ ਸਕੂਲ ਟੀਕਾਕਰਨ ਪ੍ਰੋਗਰਾਮ ਵਿੱਚ ਨੌਜਵਾਨਾਂ ਲਈ ਕੀਤੀ ਗਈ ਹੈ, ਦੀ ਪੇਸ਼ਕਸ ਕਰਦਾ ਹੈ। ਟੀਕੇ ਲਈ ਮਾਪਿਆਂ / ਰੱਖਵਾਲੇ ਦੀ ਦਸਤਖ਼ਤ ਸਹਿਤ ਰਜ਼ਾਮੰਦੀ ਜਰੂਰੀ ਹੈ।**

ਤੁਹਾਡੇ ਅਗਲੇ ਕਦਮ:

- ਇਸ ਜਾਣਕਾਰੀ ਵਾਲੇ ਪੱਤਰੇ ਨੂੰ ਧਿਆਨ ਨਾਲ ਪੜ੍ਹੋ।
- ਜੇਕਰ ਤੁਸੀਂ ਆਪਣੇ ਬੱਚੇ ਨੂੰ ਹਿਊਮੱਨ ਪੇਪੀਲੋਮੇਵਾਇਰਸ (ਐਚ ਪੀ ਵੀ) ਦਾ ਟੀਕਾਕਰਨ ਕਰਵਾਉਣਾ ਚਾਹੁੰਦੇ ਹੋ, ਤਾਂ ਰਜ਼ਾਮੰਦੀ ਫ਼ਾਰਮ ਭਰੋ ਅਤੇ ਦਸਤਖ਼ਤ ਕੀਤਾ ਹੋਇਆ ਫਾਰਮ ਬੱਚੇ ਨੂੰ ਸਕੂਲ ਵਿਚ ਵਾਪਸ ਕਰਨ ਲਈ ਦੇ ਦਵੋ।
- ਜੇਕਰ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡੇ ਬੱਚੇ ਨੂੰ ਐਚ ਪੀ ਵੀ ਦਾ ਟੀਕਾ ਲਗਾਇਆ ਜਾਵੇ, ਤਾਂ ਸਹਿਮਤੀ ਨਾ ਦਿਓ।

### ਸ: ਐਚ.ਪੀ. ਵੀ ਕੀ ਹੈ ਅਤੇ ਇਹ ਕਿਵੇਂ ਫੈਲਦਾ ਹੈ?

ਹਿਊਮੱਨ ਪੇਪੀਲੋਮੇਵਾਇਰਸ (ਐਚ ਪੀ ਵੀ) ਇਕ ਵਾਇਰਸ ਹੈ ਜੋ ਮਰਦਾਂ ਅਤੇ ਇਸਤਰੀਆਂ ਦੋਹਾਂ ਨੂੰ ਸਾਂਝੇ ਤੋਰ ਤੇ ਪ੍ਰਭਾਵਿਤ ਕਰਦਾ ਹੈ। ਐਚ ਪੀ ਵੀ ਕਿਸੇ ਪੀੜ੍ਹਿਤ ਵਿਅਕਤੀ ਦੇ ਨਾਲ ਸੰਭੋਗ ਦੌਰਾਣ ਜਿਨਸੀ ਸੰਪਰਕ ਦੇ ਜ਼ਰੀਏ ਫੈਲਦਾ ਹੈ। ਇਹ ਵਾਇਰਸ ਚਮੜੀ ਦੀਆਂ ਛੋਟੀਆਂ ਦਰਾਰਾਂ ਰਾਹੀਂ ਲੰਘਦਾ ਹੈ ਅਤੇ ਖੂਨ ਜਾਂ ਦੂਜੇ ਸਰੀਰ ਦੇ ਤਰਲਾਂ ਰਾਹੀਂ ਨਹੀਂ ਫੈਲਦਾ। ਨਿਰੋਧ ਸੀਮਤ ਸੁਰੱਖਿਆ ਦੀ ਪੇਸ਼ਕਸ਼ ਕਰਦਾ ਹੈ, ਕਿਉਂਕਿ ਇਹ ਸਾਰੇ ਜਣਨ ਅੰਗਾਂ ਵਾਲੀ ਚਮੜੀ ਨੂੰ ਢੱਕਦਾ ਨਹੀਂ।

ਐਚ ਪੀ ਵੀ ਦੀਆਂ ਸਾਰੀਆਂ ਕਿਸਮਾਂ ਵਿੱਚ ਦਿਖਾਈ ਦੇਣ ਵਾਲੇ ਲੱਛਣ ਨਹੀਂ ਹੁੰਦੇ। ਐਚ ਪੀ ਵੀ ਦੀ ਲਾਗ ਵਾਲੇ ਬਹੁਤ ਸਾਰੇ ਲੋਕਾਂ ਨੂੰ ਇਸ ਦੇ ਬਾਰੇ ਪਤਾ ਹੀ ਨਹੀਂ ਹੋਵੇਗਾ।

ਕੁਝ ਐਚ ਪੀ ਵੀ ਕਿਸਮਾਂ ਵਿੱਚ ਸਰੀਰ ਦੇ ਕਿਸੇ ਵੀ ਹਿੱਸੇ 'ਤੇ ਮੱਸੇ ਬਣ ਸਕਦੀਆਂ ਹਨ। ਇਸ ਵਿੱਚ ਜਣਨ ਖੇਤਰ (ਵੁਲਵਾ (ਯੋਨੀ ਦੇ ਬਾਹਰਲਾ ਹਿਸਾ ), ਯੋਨੀ ਦੇ ਅੰਦਰ, ਬੱਚੇਦਾਨੀ, ਲਿੰਗ, ਅੰਡਕੋਸ਼, ਗੁਦਾ, ਅਤੇ ਪੈਰੀਨੀਅਮ (ਅੰਡਕੋਸ਼ ਤੇ ਗੁਦਾ ਦੇ ਵਿਚਕਾਰ)) ਦੇ ਖੇਤਰ ਸ਼ਾਮਲ ਹਨ। ਮੱਸੇ ਆਮ ਤੌਰ 'ਤੇ ਦਰਦ ਰਹਿਤ ਹੁੰਦੇ ਹਨ, ਪਰ ਕਈ ਵਾਰ ਖੁਜਲੀ ਜਾਂ ਬੇਅਰਾਮੀ ਦਾ ਕਾਰਨ ਬਣਦੇ ਹਨ। ਐਚ ਪੀ ਵੀ ਦੀਆਂ ਕਿਸਮਾਂ ਜੋ ਮੱਸਿਆਂ ਦਾ ਕਾਰਨ ਬਣਦੀਆਂ ਹਨ ਉਹਨਾਂ ਨੂੰ 'ਘੱਟ ਜੋਖਮ' ਵਾਲਿਆਂ ਕਿਹਾ ਜਾਂਦਾ ਹੈ ਕਿਉਂਕਿ ਉਹ ਕੈਂਸਰ ਨਾਲ ਨਹੀਂ ਜੁੜੀਆਂ ਹੁੰਦੀਆਂ।

ਐਚ ਪੀ ਵੀ ਦੀਆਂ ਹੋਰ ਕਿਸਮਾਂ ਨੂੰ 'ਉੱਚ-ਜੋਖਮ' ਵਾਲੀਆਂ ਕਿਹਾ ਜਾਂਦਾ ਹੈ ਕਿਉਂਕਿ ਉਹ ਕੈਂਸਰ ਤੋਂ ਪਹਿਲਾਂ ਵਾਲੇ ਸੈੱਲਾਂ ਨੂੰ ਵਧਾਉਣ ਦਾ ਕਾਰਨ ਬਣ ਸਕਦੀਆਂ ਹਨ। ਜੇ ਇਲਾਜ ਨਾ ਕੀਤਾ ਜਾਵੇ ਤਾਂ ਇਹ ਸੈੱਲ ਕੈਂਸਰ ਵਿੱਚ ਬਦਲ ਸਕਦੇ ਹਨ।

ਉੱਚ-ਜੋਖਮ ਵਾਲੀ ਐਚ ਪੀ ਵੀ ਦੁਨੀਆਂ ਭਰ ਦੇ ਸਾਰੇ ਕੈਂਸਰਾਂ ਦੇ 5% ਲਈ ਜ਼ਿੰਮੇਵਾਰ ਹੈ, ਜਿਸ ਵਿੱਚ ਸ਼ਾਮਲ ਹਨ:

- ਸਰਵੀਕਲ ਕੈਂਸਰ ਅਤੇ ਜਣਨ ਅੰਗਾਂ ਦੇ ਵਿਚ ਗੱਠਾਂ ਦੇ ਲਗਭਗ ਸਾਰੇ ਕੇਸ
- 90% ਗੁਦਾ ਦੇ ਕੈਂਸਰ
- 78% ਯੋਨੀ ਕੈਂਸਰ
- 60% ਓਰੋਫੈਰਿਨਜੀਅਲ ਕੈਂਸਰ (ਗਲੇ, ਜੀਭ, ਅਤੇ ਟੌਨਸਿਲਜ਼ ਦੇ ਪਿਛਲੇ ਹਿੱਸੇ ਦੇ ਕੈਂਸਰ)
- 25% ਯੋਨੀ ਦੇ ਬਾਹਰ ਦੇ ਕੈਂਸਰ
- 50% ਪੁਰਸ਼ ਇੰਦਰੀ ਦੇ ਕੈਂਸਰ

ਮਰਦਾਂ ਦੇ ਟੀਕਾਕਰਨ ਨਾਲ ਜਣਨ-ਅੰਗਾਂ ਦੇ ਵਿਚ ਗੱਠਾਂ ਅਤੇ ਮਰਦਾਂ ਦੇ ਕੈਂਸਰਾਂ ਨੂੰ ਰੋਕਿਆ ਜਾ ਸਕਦਾ ਹੈ ਅਤੇ ਇਹ ਔਰਤਾਂ ਨੂੰ ਸਰਵੀਕਲ ਕੈਂਸਰ ਤੋਂ ਬਚਾਣ ਵਿਚ ਮਦਦ ਕਰੇਗਾ।

### ਸ: ਟੀਕੇ ਕਿਵੇਂ ਕੰਮ ਕਰਦੇ ਹਨ?

ਟੀਕੇ ਸਰੀਰ ਦੀ ਸੁਰੱਖਿਆ ਪ੍ਰਨਾਲੀ ਨੂੰ ਕੁਝ ਲਾਗਾਂ ਦੇ ਟਾਕਰੇ ਲਈ ਸਰਗਰਮ ਕਰਦੇ ਹਨ। ਜੇ ਇਕ ਟੀਕਾਕਰਨ ਕੀਤਾ ਵਿਅਕਤੀ ਇਹਨਾਂ ਲਾਗਾਂ ਦੇ ਸੰਪਰਕ ਵਿਚ ਆਉਂਦਾ ਹੈ, ਤਾਂ, ਉਹਨਾਂ ਦੀ ਸਰੀਰਕ ਸੁਰੱਖਿਆ ਪ੍ਰਨਾਲੀ, ਬਿਮਾਰੀ ਨੂੰ ਰੋਕਣ ਜਾਂ ਇਸਦੀ ਤੀਬਰਤਾ ਨੂੰ ਘੱਟ ਕਰਨ ਲਈ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇ ਸਕਦੀ ਹੈ।

### ਸ: ਕਿਹੜਾ ਟੀਕਾਕਰਣ ਵਰਤਿਆ ਜਾਵੇਗਾ?

ਇਕ ਐਚ ਪੀ ਵੀ ਟੀਕਾ (ਵੈਕਸੀਨ) ਜੋ 9 ਐਚ ਪੀ ਵੀ ਕਿਸਮਾਂ (6, 11, 16, 18, 31, 33, 45, 52 ਅਤੇ 58) ਦੇ ਖਿਲਾਫ਼ ਸੁਰੱਖਿਆ ਪ੍ਰਦਾਨ ਕਰਦਾ ਹੈ।

### ਸ: ਮੇਰੇ ਬੱਚੇ ਨੂੰ ਕਿੰਨੀਆਂ ਐਚ ਪੀ ਵੀ ਖੁਰਾਕਾਂ ਦੀ ਲੋੜ ਹੈ?

ਅੰਤਰਰਾਸ਼ਟਰੀ ਖੋਜ ਦਰਸਾਉਂਦੀ ਹੈ ਕਿ ਕਿਸੇ ਵੀ ਐਚ ਪੀ ਵੀ ਵੈਕਸੀਨ ਦੀ ਇੱਕ ਖੁਰਾਕ ਹੀ ਦੋ-ਖੁਰਾਕਾਂ ਦੇ ਕੋਰਸ ਦੇ ਬਰਾਬਰ ਸੁਰੱਖਿਆ ਪ੍ਰਦਾਨ ਕਰਦੀ ਹੈ। ਇਸ ਸਬੂਤ ਦੇ ਅਧਾਰ 'ਤੇ, ਆਸਟ੍ਰੇਲੀਅਨ ਟੈਕਨੀਕਲ ਐਡਵਾਈਜ਼ਰੀ ਗਰੁੱਪ ਔਨ ਇਮਯੂਨਾਈਜ਼ੇਸ਼ਨ (ATAGI) ਨੇ ਸਿਫ਼ਾਰਿਸ਼ ਕੀਤੀ ਹੈ ਕਿ ਆਸਟ੍ਰੇਲੀਆ ਨੂੰ 2023 ਵਿੱਚ ਇੱਕ ਖੁਰਾਕ ਵਾਲੀ ਐਚ ਪੀ ਵੀ ਵੈਕਸੀਨ ਸੂਚੀ ਵਿੱਚ ਤਬਦੀਲ ਕੀਤਾ ਜਾਵੇ।

ਕੁਝ ਕਿਸ਼ੋਰਾਂ ਨੂੰ ਜੋ ਮਹੱਤਵਪੂਰਨ ਤੌਰ 'ਤੇ ਇਮਿਊਨੋਕੰਪਰੋਮਾਈਜ਼ਡ (ਕਮਜ਼ੋਰ ਪ੍ਰਤੀਰੋਧਕ ਪ੍ਰਣਾਲੀ ਵਾਲੇ) ਹਨ, ਨੂੰ ਐਚ ਪੀ ਵੀ ਵੈਕਸੀਨ ਦੀਆਂ ਤਿੰਨ ਖੁਰਾਕਾਂ ਲੈਣ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ। ਇੱਕ 3 ਖੁਰਾਕ ਅਨੁਸੂਚੀ ਲਈ ਖੁਰਾਕ 1 ਅਤੇ ਖੁਰਾਕ 2 ਦੇ ਵਿਚਕਾਰ 2 ਮਹੀਨੇ, ਅਤੇ ਖੁਰਾਕ 2 ਅਤੇ ਖੁਰਾਕ 3 ਦੇ ਵਿਚਕਾਰ 4 ਮਹੀਨਿਆਂ ਦੇ ਅੰਤਰਾਲ ਦੀ ਲੋੜ ਹੁੰਦੀ ਹੈ।

ਬਹੁਤ ਜਿਆਦਾ ਇਮਯੂਨੋਕੋਮਪ੍ਰੋਮਾਈਜ਼ (ਕਮਜ਼ੋਰ ਪ੍ਰਤੀਰੋਧਕ ਪ੍ਰਣਾਲੀ) ਉਹਨਾਂ ਨੂੰ ਕਿਹਾ ਜਾਂਦਾ ਹੈ:

- ਪ੍ਰਾਇਮਰੀ ਜਾਂ ਸੈਕੰਡਰੀ ਇਮਿਊਨ-ਸਿਸਟਮ (ਪ੍ਰਤੀਰੋਧਕ ਪ੍ਰਣਾਲੀ) ਵਿਚ ਕਮੀ (ਬੀ ਲਿਮਫੋਸਾਈਟ ਐਂਟੀਬੌਡੀ ਅਤੇ ਟੀ ਲਿਮਫੋਸਾਈਟ ਵਿਚ ਮੁਕੰਮਲ ਕਮੀ ਜਾਂ ਕੁਝ ਕਮੀਆਂ)
- ਐਚ ਆਈ ਵੀ ਦੀ ਲਾਗ
- ਕੈਂਸਰ ਨਾਲ ਪੀੜ੍ਹਿਤ ਲੋਕ

- ਅੰਗ ਟ੍ਰਾਂਸਪਲਾਂਟੇਸ਼ਨ (ਬਦਲਾਵ)
- ਆਟੋਇਮਿਊਨ ਰੋਗ
- ਮਹੱਤਵਪੂਰਣ ਇਮਯੂਨੋਸੱਪਪਰੈਸਿਵ ਥੈਰੇਪੀ (ਏਸਪਲੈਨਿਆ ਜਾਂ ਹਾਈਪੋਸਪਲੇਨਿਆ ਨੂੰ ਛੱਡਕੇ)।

### ਸ : ਉਨ੍ਹਾਂ ਕਿਸ਼ੋਰਾਂ ਬਾਰੇ ਕੀ ਜਿਨ੍ਹਾਂ ਦੇ ਪਹਿਲਾਂ ਹੀ ਇੱਕ ਖੁਰਾਕ ਲੱਗ ਗਈ ਹੈ ?

ਜਿਹੜੇ ਵਿਦਿਆਰਥੀ ਪਹਿਲਾਂ ਹੀ ਐਚ ਪੀ ਵੀ ਵੈਕਸੀਨ ਦੀ ਇੱਕ ਖੁਰਾਕ ਲੈ ਚੁੱਕੇ ਹਨ, ਉਹਨਾਂ ਨੂੰ ਹੁਣ ਦੂਜੀ ਖੁਰਾਕ ਦੀ ਲੋੜ ਨਹੀਂ ਹੈ। ਉਹਨਾਂ ਨੂੰ ਸਾਰੇ ਟੀਕੇ ਲਗੇ ਮੰਨਿਆ ਜਾਂਦਾ ਹੈ ਅਤੇ ਟੀਕਾਕਰਨ ਸੰਪੂਰਨ ਮੰਨਿਆ ਜਾਂਦਾ ਹੈ।

**ਟੀਕਾ ਕਰਵਾ ਚੁਕੀਆਂ ਔਰਤਾਂ ਦੇ ਲਈ ਨਿਯਮਤ ਸਰਵਾਈਕਲ ਸਕ੍ਰੀਨਿੰਗ (ਜਿਸਨੂੰ ਪਹਿਲਾਂ ਪੈਪ ਸਮੀਅਰ ਟੈਸਟ ਕਿਹਾ ਜਾਂਦਾ ਸੀ) ਕਰਵਾਉਣਾ ਹਾਲੇ ਵੀ ਜ਼ਰੂਰੀ ਹੈ ਕਿਉਂਕਿ ਐਚ ਪੀ ਵੀ ਦਾ ਟੀਕਾ ਉਹਨਾਂ ਸਾਰੀਆਂ ਐਚ ਪੀ ਵੀ ਦੀਆਂ ਕਿਸਮਾਂ ਦੇ ਲਈ ਸੁਰੱਖਿਆ ਪ੍ਰਦਾਨ ਨਹੀਂ ਕਰਦਾ ਜੋ ਕਿ ਸਰਵਾਈਕਲ ਕੈਂਸਰ ਕਰ ਸਕਦੀਆਂ ਹਨ। 25 ਸਾਲ ਜਾਂ ਵੱਧ ਉਮਰ ਵਾਲੀਆਂ ਸਾਰੀਆਂ ਔਰਤਾਂ ਜੋ ਕਦੇ ਵੀ ਜਿਨਸੀ ਤੌਰ ਤੇ ਸਰਗਰਮ ਰਹੀਆਂ ਹਨ ਉਹਨਾਂ ਲਈ ਹਰ 5 ਸਾਲਾਂ ਵਿੱਚ ਇੱਕ ਸਰਵਾਈਕਲ ਸਕ੍ਰੀਨਿੰਗ ਟੈਸਟ ਹੋਣਾ ਚਾਹੀਦਾ ਹੈ, ਭਾਵੇਂ ਕਿ ਉਹਨਾਂ ਨੇ ਐਚ ਪੀ ਵੀ ਟੀਕਾਕਰਣ ਕੀਤਾ ਹੈ ਜਾਂ ਨਹੀਂ।**

### ਸ: ਟੀਕਾਕਰਨ ਕਿਸ ਨੂੰ ਕਰਵਾਉਣਾ ਚਾਹੀਦਾ ਹੈ?

7 ਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਅਤੇ 12 ਸਾਲ ਦੀ ਉਮਰ ਦੇ ਸਾਰੇ ਇੰਟੈਂਸਿਵ ਇੰਗਲਿਸ਼ ਸੈਂਟਰ ਦੇ ਵਿਦਿਆਰਥੀਆਂ ਨੂੰ ਐਚ ਪੀ ਵੀ ਵੈਕਸੀਨ ਅਨੁਸੂਚੀ ਦੀ ਇੱਕ ਖੁਰਾਕ ਲਗਵਾਉਣੀ ਚਾਹੀਦੀ ਹੈ। ਹੋਰ ਜਾਣਕਾਰੀ ਲਈ, ਆਪਣੇ ਸਥਾਨਕ ਜਨਤਕ ਸਿਹਤ ਨਾਲ 1300 066 055 'ਤੇ ਸੰਪਰਕ ਕਰੋ।

### ਸ: ਇਹ ਟੀਕਾਕਰਨ ਕਿਸਨੂੰ ਨਹੀਂ ਲਾਇਆ ਜਾਣਾ ਚਾਹੀਦਾ ?

ਐਚ ਪੀ ਵੀ ਦਾ ਟੀਕਾਕਰਨ ਉਹਨਾਂ ਵਿਅਕਤੀਆਂ ਨੂੰ ਨਹੀਂ ਦੇਣਾ ਚਾਹੀਦਾ ਜਿਹੜੇ:

- ਗਰਭਧਾਰੀ ਹਨ ਜਾਂ ਹੋ ਸਕਦੇ ਹਨ
- ਜਿਹਨਾਂ ਨੂੰ ਪਹਿਲਾਂ ਟੀਕਾਕਰਨ ਦੀ ਪਹਿਲੀ ਖ਼ੁਰਾਕ ਲੈਣ ਨਾਲ ਐਨਾਫ਼ਾਈਲੈਕਸਿਸ ਹੋਇਆ ਸੀ
- ਟੀਕਾਕਰਨ ਦੇ ਕਿਸੇ ਵੀ ਹਿਸੇ ਨੂੰ ਲੈਣ ਉਪਰੰਤ ਐਨਾਫ਼ਾਈਲੈਕਸਿਸ ਹੋਇਆ ਸੀ (ਹੇਠ ਦਿੱਤੇ ਗਏ ਹਨ)
- ਖਮੀਰ ਤੋਂ ਐਨਾਫ਼ਾਈਲੈਕਸਿਸ ਹੋ ਚੁੱਕਾ ਹੈ।

### ਸ : ਟੀਕਾ ਕਿੰਨਾਂ ਅਸਰਕਾਰੀ ਹੈ ?

ਇਹ ਟੀਕਾ ਉੱਚ ਖਤਰੇ ਵਾਲੀਆਂ ਐਚ ਪੀ ਵੀ ਕਿਸਮਾਂ ਦੇ ਵਿਰੁੱਧ ਰੱਖਿਆ ਕਰਦਾ ਹੈ ਜੋ ਔਰਤਾਂ ਦੇ 90% ਤੋਂ ਵੱਧ ਸਰਵਾਈਕਲ ਕੈਂਸਰਾਂ ਦਾ ਕਾਰਨ ਬਣਦੀਆਂ ਹਨ ਅਤੇ ਇਹ ਹੋਰ ਐਚ ਪੀ ਵੀ ਕਿਸਮਾਂ ਦੇ ਵਿਰੁੱਧ ਵੀ ਰੱਖਿਆ ਕਰਦਾ ਹੈ ਜਿਸ ਨਾਲ ਮਰਦਾਂ ਵਿੱਚ ਕੈਂਸਰ ਪੈਦਾ ਹੁੰਦੇ ਹਨ।

ਤਾਜ਼ਾ ਖੋਜ ਦਰਸਾਉਂਦੀ ਹੈ ਕਿ ਟੀਕਾ ਲਗਾਏ ਜਾਣ ਤੋਂ 10 ਸਾਲਾਂ ਬਾਅਦ ਵੀ 100% ਦੇ ਨੇੜੇ ਸੁਰੱਖਿਆ ਪ੍ਰਦਾਨ ਕਰਦਾ ਹੈ। ਰਾਸ਼ਟਰੀ ਐਚ ਪੀ ਵੀ ਟੀਕਾਕਰਨ ਪ੍ਰੋਗਰਾਮ (ਔਰਤਾਂ ਲਈ 2007 ਅਤੇ ਮਰਦਾਂ ਲਈ 2013 ਵਿੱਚ) ਦੀ ਸ਼ੁਰੂਆਤ ਤੋਂ ਬਾਅਦ:

- ਵੈਕਸੀਨ ਦੇ ਯੋਗ ਉਮਰ ਸਮੂਹਾਂ ਵਿੱਚ ਉੱਚ-ਪੱਧਰ ਵਾਲੀਆਂ ਸਰਵਾਈਕਲ ਅਸਧਾਰਨਤਾਵਾਂ ਲਗਭਗ 50% ਘਟੀਆਂ
- ਨੌਜਵਾਨਾਂ (21 ਸਾਲ ਤੋਂ ਘੱਟ) ਵਿੱਚ ਜਣਨ ਖ਼ੇਤਰਾਂ ਦੇ ਮੱਸੇ 90% ਘਟੇ।

ਜਿਵੇਂ ਕਿ ਸਰਵਾਈਕਲ ਕੈਂਸਰ ਆਮ ਤੌਰ ਤੇ 10 ਜਾਂ ਵੱਧ ਸਾਲਾਂ ਵਿੱਚ ਵਿਕਸਤ ਹੁੰਦਾ ਹੈ, ਸਰਵਾਈਕਲ ਕੈਂਸਰ ਨੂੰ ਘਟਾਉਣ ਵਿੱਚ ਟੀਕੇ ਦੀ ਭੂਮਿਕਾ ਕੁਝ ਸਮੇਂ ਲਈ ਸਪੱਸ਼ਟ ਨਹੀਂ ਹੋਵੇਗੀ।

1991 ਵਿੱਚ ਰਾਸ਼ਟਰੀ ਸਰਵਾਈਕਲ ਸਕ੍ਰੀਨਿੰਗ ਪ੍ਰੋਗਰਾਮ ਦੇ ਸ਼ੁਰੂ ਹੋਣ ਅਤੇ 2007 ਵਿੱਚ ਇੱਕ ਰਾਸ਼ਟਰੀ ਹਿਊਮਨ ਪੈਪਿਲੋਮਾ ਵਾਇਰਸ (ਐਚ ਪੀ ਵੀ) ਵੈਕਸੀਨ ਪ੍ਰੋਗਰਾਮ ਸ਼ੁਰੂ ਕੀਤੇ ਜਾਣ ਤੋਂ ਬਾਅਦ ਸਰਵਾਈਕਲ ਕੈਂਸਰ ਦੀਆਂ ਘਟਨਾਵਾਂ ਵਿੱਚ ਕਾਫ਼ੀ ਕਮੀ ਆਈ ਹੈ।

### ਸ : ਜੇ ਮੈਂ ਆਪਣੇ ਬੱਚੇ ਦੀ ਵੱਡੇ ਹੋਣ ਤੱਕ ਉਡੀਕ ਕਰਾਂ, ਫ਼ਿਰ ਕੀ ?

ਐਚ ਪੀ ਵੀ ਦਾ ਟੀਕਾਕਰਨ ਜ਼ਿਆਦਾ ਅਸਰਦਾਇਕ ਹੈ ਜਦੋਂ ਇਹ ਲੋਕਾਂ ਨੂੰ ਉਹਨਾਂ ਦੀ ਕਿਸ਼ੋਰ ਅਵਸਥਾ ਵਿਚ ਦਿੱਤਾ ਜਾਂਦਾ ਹੈ। ਇਹ ਟੀਕਾ ਕੇਵਲ ਸਕੂਲ ਵਿਚ, ਤੁਹਾਡੇ ਦੁਆਰਾ ਅਸਲੀ ਸਹਿਮਤੀ ਫਾਰਮ ਨੂੰ ਵਾਪਸ ਕਰਨ ਤੇ ਹੀ ਮੁਹੱਈਆ ਕਰਾਏ ਜਾ ਸਕਦੇ ਹਨ ਜਦੋਂ ਤੁਹਾਡਾ ਬੱਚਾ ਸਕੂਲ ਵਿਚ ਹੋਵੇ। ਜੇ ਤੁਸੀਂ ਆਪਣੇ ਬੱਚੇ ਦੇ ਵੱਡੇ ਹੋਣ ਤੱਕ ਉਡੀਕ ਕਰਨ ਦੀ ਚੋਣ ਕਰਦੇ ਹੋ ਤਾਂ ਤੁਹਾਨੂੰ ਆਪਣੇ ਜੀ.ਪੀ. (ਡਾਕਟਰ) ਜਾਂ ਫਾਰਮੇਸੀ ਵਿਚ ਟੀਕਾਕਰਨ ਕਰਨ ਵਾਲੇ ਨਾਲ ਪ੍ਰਬੰਧ ਕਰਨੇ ਪੈਣਗੇ।

ਜੇਕਰ ਟੀਕਾਕਰਣ ਇੱਕ ਜੀ ਪੀ ਜਾਂ ਫਾਰਮਾਸਿਸਟ ਦੁਆਰਾ ਲਗਾਇਆ ਜਾਂਦਾ ਹੈ, ਤਾਂ ਵੈਕਸੀਨ ਮੁਫਤ ਹੋਵੇਗੀ, ਪਰ ਤੁਹਾਡੇ ਤੋਂ ਸਲਾਹ ਦੇਣ ਲਈ ਫੀਸ ਲਈ ਜਾ ਸਕਦੀ ਹੈ।

### ਸ : ਐਚ ਪੀ ਵੀ ਟੀਕੇ ਵਿੱਚ ਕਿਹੜੇ ਵਾਧੂ ਪਦਾਰਥ ਹੁੰਦੇ ਹਨ ?

ਰੋਗ ਵਿਰੋਧੀ ਸਰੀਰਕ ਸੁਰੱਖਿਆ ਟੀਕੇ ਦੇ ਤੱਤਾਂ ਵਿੱਚ ਖਾਮੀਰ ਐਲੂਮੀਨੀਅਮ ਐਡਜੂਵੇਂਟ, ਸੋਡੀਅਮ ਕਲੋਰਾਈਡ, ਐਲ-ਹਿਸਟੀਡੀਨ, ਪੋਲੀਸੌਰਬੇਟ ਅਤੇ ਸੋਡੀਅਮ ਬੋਰੇਟ ਹੁੰਦੇ ਹਨ। ਵਾਧੂ ਪਦਾਰਥ ਟੀਕਾ ਤੱਤਾਂ ਵਿੱਚ ਬਹੁਤ ਥੋੜੀ ਮਾਤਰਾਵਾਂ ਵਿੱਚ ਸ਼ਾਮਲ ਕੀਤੇ ਜਾਂਦੇ ਹਨ ਤਾਂ ਜੋ ਉਹ ਟੀਕਾ ਤੱਤਾਂ ਦੇ ਕੰਮ ਵਿੱਚ ਮਦਦ ਕਰਨ ਜਾਂ ਇੱਕ ਰੱਖਿਅਕ ਵਾਂਗ ਕੰਮ ਕਰਨ।

### ਸ: ਟੀਕੇ ਕਿੰਨੇ ਕੁ ਸੁੱਰਖਿਅਤ ਹਨ ?

ਆਸਟਰੇਲੀਆ ਵਿੱਚ ਵਰਤੇ ਜਾਣ ਵਾਲੇ ਟੀਕੇ ਸੁਰੱਖਿਅਤ ਹਨ ਅਤੇ ਥੇਰਾਪਿਏਉਟਕ ਗੁਡਜ਼ ਐਡਮਿਨਿਸਟਰੇਸ਼ਨ (ਟੀ ਜੀ ਏ) ਵਲੋਂ ਪ੍ਰਵਾਨਤ ਹੋਣ ਤੋਂ ਪਹਿਲਾਂ ਸਖ਼ਤ ਸੁਰੱਖਿਆ ਪਰਖ ਨੂੰ ਪਾਸ ਕਰਨਾ ਜ਼ਰੂਰੀ ਹੈ। ਇਸ ਤੋਂ ਇਲਾਵਾ, ਟੀ ਜੀ ਏ ਵਰਤੋਂ ਵਿੱਚ ਆਉਣ ਤੇ ਟੀਕਿਆਂ ਦੀ ਸੁਰੱਖਿਆ ਲਈ ਨਿਗਰਾਨੀ ਰੱਖਦੀ ਹੈ।

### ਸ : ਟੀਕਾਕਰਨ ਲਗਵਾਉਣ ਦੇ ਮਾੜੇ ਪ੍ਰਭਾਵ ਕੀ ਹਨ ?

ਐਚ ਪੀ ਵੀ ਟੀਕਾਕਰਨ ਦੇ ਹੋਰ ਮਾੜੇ ਪ੍ਰਭਾਵ ਅਕਸਰ ਘੱਟ ਹਨ ਅਤੇ ਸਧਾਰਨ ਤੌਰ ਤੇ ਦਰਦ, ਸੋਜ਼ਸ ਅਤੇ ਟੀਕਾ ਲੱਗਣ ਵਾਲੀ ਜਗ੍ਹਾ ਦਾ ਗੂੜਾ ਲਾਲ ਹੋਣਾ ਹਨ। ਗੰਭੀਰ ਪ੍ਰਭਾਵ ਬਹੁਤ ਹੀ ਵਿਰਲੇ ਹਨ। ਐਨ ਐਸ ਡਬਲਯੂ ਦੇ ਮਾਪਿਆਂ, ਜਿੰਨ੍ਹਾਂ ਨਾਲ ਐਚ ਪੀ ਵੀ ਟੀਕਾਕਰਣ ਦੇ ਕੁਝ ਦਿਨਾਂ ਬਾਅਦ ਸੰਪਰਕ ਕੀਤਾ ਗਿਆ ਸੀ, ਨੇ ਰਿਪੋਰਟ ਕੀਤੀ ਕਿ 11% ਵਿਦਿਆਰਥੀਆਂ ਨੂੰ ਹਲਕੇ ਜਿਹੇ ਮਾੜੇ ਪ੍ਰਭਾਵ ਹੋਏ ਜਦੋਂ ਕਿ ਸਿਰਫ 0.5% ਨੂੰ ਡਾਕਟਰੀ ਸਹਾਇਤਾ ਦੀ ਲੋੜ ਪਈ। www.health.nsw.gov.au/schoolvaccination ਤੋਂ ਉਪਲਬਧ ਟੀਕਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵਧੇਰੇ ਜਾਣਕਾਰੀ ਉਪਭੋਗਤਾ ਦਵਾਈਆਂ ਦੀ ਜਾਣਕਾਰੀ (ਸੀ.ਐੱਮ.ਆਈ.) ਉਪਰ ਉਪਲਬਧ ਹੈ। ਟੀਕਾਕਰਨ ਤੋਂ ਬਾਅਦ ਦੇ ਮਾੜੇ ਪ੍ਰਭਾਵਾਂ ਤੋਂ ਫਿਕਰਮੰਦ ਮਾਪਿਆਂ ਨੂੰ ਆਪਣੇ ਜੀ.ਪੀ. ਨਾਲ ਸੰਪਰਕ ਕਰਨਾ ਚਾਹੀਦਾ ਹੈ, ਜਿਸਨੂੰ ਸਥਾਨਕ ਜਨਤਕ ਸਿਹਤ ਇਕਾਈ ਨੂੰ ਵੀ ਰਿਪੋਰਟ ਕਰਨੀ ਚਾਹੀਦੀ ਹੈ।

### ਸ: ਐਨਾਫ਼ਾਈਲੈਅਕਸਸ ਕੀ ਹੈ ?

ਐਨਾਫਾਈਲੈਕਸਿਸ ਇੱਕ ਗੰਭੀਰ ਲਰਜੀ ਵਾਲੀ ਪ੍ਰਤਿਕ੍ਰਿਆ ਹੈ ਜਿਸਦੇ ਨਤੀਜੇ ਵਜੋਂ ਬੇਹੋਸ਼ੀ ਅਤੇ ਮੌਤ ਹੋ ਸਕਦੀ ਹੈ ਜੇ ਉਸ ਦਾ ਫੌਰਨ ਇਲਾਜ ਨਹੀਂ ਕੀਤਾ ਜਾਂਦਾ। ਇਹ ਕਿਸੇ ਵੀ ਟੀਕਾਕਰਨ ਲੱਗਣ ਕਾਰਨ ਬਹੁਤ ਹੀ ਘੱਟ ਹੁੰਦੀ ਹੈ। ਸਕੂਲ ਵਿੱਚ ਟੀਕਾਕਰਨ ਕਰਨ ਵਾਲੀਆਂ ਨਰਸਾਂ ਐਨਾਫ਼ਾਈਲੈਅਕਸਸ ਦੇ ਇਲਾਜ ਲਈ ਪੂਰਨ ਸਿਖਲਾਈ ਪ੍ਰਾਪਤ ਹੁੰਦਿਆਂ ਹਨ।

### ਸ: ਕਿ ਮੇਰੀ ਲੜਕੀ ਨੂੰ ਅਜੇ ਵੀ ਸਰਵਾਈਕਲ ਸਕ੍ਰੀਨਿੰਗ ਦੀ ਲੋੜ ਹੋਵੇਗੀ ?

ਹਾਂ। ਟੀਕਾ ਕਰਵਾ ਚੁਕੀਆਂ ਔਰਤਾਂ ਦੇ ਲਈ ਨਿਯਮਤ ਸਰਵਾਈਕਲ ਸਕ੍ਰੀਨਿੰਗ (ਜਿਸਨੂੰ ਪਹਿਲਾਂ ਪੈਪ ਸਮੀਅਰ ਟੈਸਟ ਕਿਹਾ ਜਾਂਦਾ ਸੀ) ਕਰਵਾਉਣਾ ਹਾਲੇ ਵੀ ਜ਼ਰੂਰੀ ਹੈ ਕਿਉਂਕਿ ਐਚ ਪੀ ਵੀ ਦਾ ਟੀਕਾ ਉਹਨਾਂ ਸਾਰੀਆਂ ਐਚ ਪੀ ਵੀ ਦੀਆਂ ਕਿਸਮਾਂ ਦੇ ਲਈ ਸੁਰੱਖਿਆ ਪ੍ਰਦਾਨ ਨਹੀਂ ਕਰਦਾ ਜੋ ਕਿ ਸਰਵਾਈਕਲ ਕੈਂਸਰ ਕਰ ਸਕਦੀਆਂ ਹਨ।

25 ਸਾਲ ਜਾਂ ਵੱਧ ਉਮਰ ਵਾਲੀਆਂ ਸਾਰੀਆਂ ਔਰਤਾਂ ਜੋ ਕਦੇ ਵੀ ਜਿਨਸੀ ਤੌਰ ਤੇ ਸਰਗਰਮ ਰਹੀਆਂ ਹਨ ਉਹਨਾਂ ਲਈ ਹਰ 5 ਸਾਲਾਂ ਵਿੱਚ ਇੱਕ ਸਰਵਾਈਕਲ ਸਕ੍ਰੀਨਿੰਗ ਟੈਸਟ ਹੋਣਾ ਚਾਹੀਦਾ ਹੈ, ਭਾਵੇਂ ਕਿ ਉਹਨਾਂ ਨੇ ਐਚ ਪੀ ਵੀ ਟੀਕਾਕਰਣ ਕੀਤਾ ਹੈ ਜਾਂ ਨਹੀਂ।

### ਸ: ਜੇਕਰ ਮੇਰੇ ਬੱਚੇ ਨੂੰ ਦਮਾ ਹੈ ਅਤੇ ਉਹ ਕੋਰਟੀਸੋਨ ਜਾਂ ਪਰੈਡਨੀਸੋਨ ਇੱਕ ਪਫਰ ਰਾਹੀਂ ਲੈਂਦਾ ਹੈ ਤਾਂ ਕੀ ਹੋਵੇਗਾ ?

ਟੀਕਾ ਕਿਸੇ ਵੀ ਵਿਅਕਤੀ ਜਿਸਨੂੰ ਦਮਾ ਹੋਵੇ ਸੁਰੱਖਿਅਤ ਤੌਰ ਤੇ ਦਿੱਤਾ ਜਾ ਸਕਦਾ ਹੈ ਭਾਵੇਂ ਕਿ ਉਹ ਕਿਹੜੀਆਂ ਵੀ ਦਵਾਈਆਂ ਲੈ ਰਹੇ ਹੋਣ।

### ਸ: ਟੀਕਾਕਰਣ ਲਈ ਕੌਣ ਸਹਿਮਤੀ ਦੇ ਸਕਦਾ ਹੈ ਅਤੇ ਕੀ ਸਹਿਮਤੀ ਵਾਪਸ ਲਈ ਜਾ ਸਕਦੀ ਹੈ ?

18 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਲਈ ਟੀਕਾਕਰਨ ਲਈ ਸਹਿਮਤੀ ਕੇਵਲ ਮਾਪੇ / ਸਰਪ੍ਰਸਤ ਹੀ ਦੇ ਸਕਦੇ ਹਨ। 18 ਸਾਲ ਜਾਂ ਵੱਧ ਉਮਰ ਦੇ ਵਿਦਿਆਰਥੀ ਆਪਣੇ ਟੀਕਾਕਰਨ ਲਈ ਸਹਿਮਤੀ ਆਪ ਦੇ ਸਕਦੇ ਹਨ ਅਤੇ ਸਹਿਮਤੀ ਫਾਰਮ ਨੂੰ ਭਰਕੇ ਅਤੇ ਜਿੱਥੇ 'ਮਾਤਾ -ਪਿਤਾ / ਸਰਪ੍ਰਸਤ' ਦੇ ਹਸਤਾਖਰ ਦਾ ਸੰਕੇਤ ਹੈ ਉਥੇ ਹਸਤਾਖਰ ਕਰਨਾ ਚਾਹੀਦਾ ਹੈ। ਸਕੂਲ ਨੂੰ ਰਜ਼ਾਮੰਦੀ ਵਾਪਸੀ ਲਈ ਲਿਖਤੀ ਚਿੱਠੀ ਰਾਹੀਂ ਜਾਂ ਸਕੂਲ ਨੂੰ ਰਜ਼ਾਮੰਦੀ ਵਾਪਸੀ ਲਈ ਫੋਨ ਕਰਕੇ, ਰਜ਼ਾਮੰਦੀ ਕਿਸੇ ਵਕਤ ਵੀ ਵਾਪਸ ਲਈ ਜਾ ਸਕਦੀ ਹੈ।

### ਸ: ਕੀ ਇਕ ਵਿਦਿਆਰਥਣ ਨੂੰ ਇਹ ਟੀਕਾ ਦਿੱਤਾ ਜਾਣਾ ਚਾਹੀਦਾ ਹੈ ਜੋ ਗਰਭਵਤੀ ਹੈ ਜਾਂ ਉਹ ਸੋਚਦੀ ਹੈ ਕੇ ਉਹ ਗਰਭਵਤੀ ਹੋ ਸਕਦੀ ਹੈ ?

ਨਹੀਂ। ਕੋਈ ਵੀ ਵਿਦਿਆਰਥਣ ਜੋ ਗਰਭਵਤੀ ਹੈ ਜਾਂ ਉਹ ਸੋਚਦੀ ਹੈ ਕੇ ਉਹ ਗਰਭਵਤੀ ਹੋ ਸਕਦੀ ਹੈ ਨੂੰ ਇਹ ਟੀਕਾ ਨਹੀਂ ਲਗਾਇਆ ਜਾਵੇਗਾ। ਦਵਾਖਾਨੇ ਦੇ ਦਿਨ ਟੀਕਾਕਰਨ ਦੇਣ ਵਾਲੀ ਨਰਸ ਵਿਦਿਆਰਥਣਾਂ ਤੋਂ ਉਹਨਾਂ ਦੇ ਗਰਭਵਤੀ ਹੋਣ ਜਾਂ ਗਰਭਵਤੀ ਹੋ ਸਕਣ ਵਾਰੇ ਪੁੱਛ-ਪੜਤਾਲ ਕਰੇਗੀ।

ਜੇਕਰ ਵਿਦਿਆਰਥੀ ਇਸ ਸਵਾਲ ਦਾ ਜਵਾਬ ਹਾਂ ਵਿਚ ਦਿੰਦੀ ਹੈ, ਤੱਦ ਉਸਨੂੰ ਟੀਕਾਕਰਨ ਨਹੀਂ ਲਗਾਇਆ ਜਾਵੇਗਾ। ਵਿਦਿਆਰਥੀ ਨੂੰ ਛੇਤੀ ਤੋਂ ਛੇਤੀ ਆਪਣੇ ਮਾਪਿਆਂ / ਰੱਖਿਅਕ ਨਾਲ ਇਸ ਵਿਸ਼ੇ ਤੇ ਮਸ਼ਵਰਾ ਕਰਨ ਅਤੇ ਡਾਕਟਰੀ ਸਹਾਇਤਾ ਪ੍ਰਾਪਤ ਕਰਨ ਲਈ ਸਲਾਹ ਦਿੱਤੀ ਜਾਵੇਗੀ। ਉਸਨੂੰ ਇਕ ਸਿਹਤ ਫ਼ਰਮਾਇਸ਼ ਸੇਵਾ ਦੇ ਸੰਪਰਕ ਲਈ ਵੇਰਵਾ ਵੀ ਦਿੱਤਾ ਜਾਵੇਗਾ ਜੋ ਉਸਨੂੰ ਸਲਾਹ, ਮਦਦ ਅਤੇ ਅਗਵਾਈ ਦੇਵੇਗਾ।

### ਸ: ਜੇ ਮੇਰਾ ਬੱਚਾ ਬੀਮਾਰ ਹੋਵੇ ਜਾਂ ਨਰਸਾਂ ਦੇ ਸਕੂਲ ਆਉਣ ਵਾਲੇ ਦਿਨ ਸਕੂਲ ਤੋਂ ਗ਼ੈਰਹਾਜਰੀ ਕਾਰਨ ਟੀਕਾ ਨਾ ਲੈ ਸਕੇ ਤਾਂ ਮੈਂ ਕੀ ਕਰਾਂ ?

ਜੇਕਰ ਸਕੂਲ ਵਿੱਚ ਐਚ ਪੀ ਵੀ ਟੀਕਾਕਰਨ ਨਹੀਂ ਲੱਗ ਸਕਿਆ ਹੈ, ਤਾਂ ਜਿੰਨੀ ਜਲਦੀ ਹੋ ਸਕੇ ਇਸਨੂੰ ਲਗਵਾ ਲੈਣਾ ਚਾਹੀਦਾ ਹੈ। ਕੁਝ ਸਕੂਲ ਕੈਚ-ਅੱਪ (ਇਸਨੂੰ ਬਾਅਦ ਵਿਚ ਲਗਵਾਉਨ ਵਾਲੇ) ਕਲੀਨਿਕਾਂ ਦਾ ਪ੍ਰਬੰਧ ਕਰਨਗੇ, ਨਹੀਂ ਤਾਂ ਮਾਪਿਆਂ ਨੂੰ ਟੀਕਾਕਰਨ ਦਾ ਪ੍ਰਬੰਧ ਕਰਨ ਲਈ ਆਪਣੇ ਸਥਾਨਕ ਜੀ ਪੀ ਜਾਂ ਫਾਰਮਾਸਿਸਟ ਨਾਲ ਸੰਪਰਕ ਕਰਨਾ ਚਾਹੀਦਾ ਹੈ।

### ਮੈਂ ਟੀਕਾਕਰਨ ਦੇ ਰਿਕਾਰਡ ਤੱਕ ਕਿਵੇਂ ਪਹੁੰਚ ਕਰ ਸਕਦਾ/ਸਕਦੀ ਹਾਂ?

ਤੁਹਾਡੇ ਬੱਚੇ ਦੇ ਟੀਕਾਕਰਨ ਬਾਰੇ ਜਾਣਕਾਰੀ ਆਸਟ੍ਰੇਲੀਅਨ ਇਮਯੂਨਾਈਜ਼ੇਸ਼ਨ ਰਜਿਸਟਰ (ਏ ਆਈ ਆਰ) ਵਿੱਚ ਅੱਪਲੋਡ ਕੀਤੀ ਜਾਵੇਗੀ ਤਾਂ ਜੋ ਇਸਨੂੰ ਤੁਹਾਡੇ ਬੱਚੇ ਦੇ ਮੌਜੂਦਾ ਟੀਕਾਕਰਨ ਬਿਓਰੇ ਨਾਲ ਜੋੜਿਆ ਜਾ ਸਕੇ।

ਮਾਪੇ ਆਪਣੇ ਬੱਚੇ ਦੀ 14 ਸਾਲ ਦੀ ਉਮਰ ਤੱਕ, ਕਿਸੇ ਵੀ ਸਮੇਂ ਆਪਣੇ ਬੱਚੇ ਦੇ ਏ ਆਈ ਆਰ ਇਮਯੂਨਾਈਜ਼ੇਸ਼ਨ ਹਿਸਟਰੀ ਸਟੇਟਮੈਂਟ ਦੀ ਕਾਪੀ ਲਈ ਬੇਨਤੀ ਕਰ ਸਕਦੇ ਹਨ, ਅਤੇ 14 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਦਿਆਰਥੀ ਆਪਣੇ ਖੁਦ ਦੇ ਟੀਕਾਕਰਨ ਹਿਸਟਰੀ ਸਟੇਟਮੈਂਟ ਲਈ ਹੇਠ ਦਿਤੇ ਅਨੁਸਾਰ ਬੇਨਤੀ ਕਰ ਸਕਦੇ ਹਨ:

- ਮੈਡੀਕੇਅਰ ਔਨਲਾਈਨ ਖਾਤੇ ਦੀ myGov my.gov.au/ ਰਾਹੀਂ ਵਰਤੋਂ ਕਰਕੇ
- ਮੈਡੀਕੇਅਰ ਐਕਸਪ੍ਰੈਸ ਪਲੱਸ ਐਪ ਦੀ ਵਰਤੋਂ ਕਰਦੇ ਹੋਏ www.servicesaustralia.gov.au/express-plus-mobile-apps
- ਏ ਆਈ ਆਰ ਦੀ ਆਮ ਪੁੱਛਗਿੱਛ ਵਾਲੀ ਲਾਈਨ ਨੂੰ 1800 653 809 'ਤੇ ਫ਼ੋਨ ਕਰਕੇ।

### ਸ: ਮੇਰੇ ਬੱਚੇ ਦੀ ਜਾਣਕਾਰੀ ਨਾਲ ਕੀ ਹੋਵੇਗਾ ?

ਤੁਹਾਡੇ ਵਲੋਂ ਰਜ਼ਾਮੰਦੀ ਫ਼ਾਰਮ ਉਪਰ ਦਿੱਤੀ ਜਾਣਕਾਰੀ ਨੂੰ ਐਨ ਐਸ ਡਬਲਯੂ ਅਤੇ ਕਾਮਨਵੈਲਥ ਕਾਨੂੰਨ ਵਿੱਚ ਸਖਤ ਗੁਪਤ ਸੁਰੱਖਿਆਵਾਂ (ਨੱਥੀ ਕੀਤਾ ਗੋਪਨੀਯਤਾ ਬਾਰੇ ਬਿਆਨ ਦੇਖੋ) ਅਤੇ ਸਖਤੀ ਨਾਲ ਛਿਪਾ ਕੇ ਰੱਖਣ ਦੇ ਪ੍ਰਾਧੀਨ ਹੈ।

ਜਾਣਕਾਰੀ ਨੂੰ ਐਨ ਐਸ ਡਬਲਯੂ ਹੈਲਥ ਟੀਕਾਕਰਣ ਰਜਿਸਟਰ ਵਿਚ ਦਾਖਲ ਕੀਤਾ ਜਾਵੇਗਾ ਅਤੇ ਫਿਰ ਆਸਟਰੇਲੀਆਈ ਟੀਕਾਕਰਨ ਰਜਿਸਟਰ (ਏ ਆਈ ਆਰ) ਉੱਤੇ ਅਪਲੋਡ ਕਰ ਦਿੱਤਾ ਜਾਵੇਗਾ ਤਾਂ ਜੋ ਇਸਨੂੰ ਤੁਹਾਡੇ ਬੱਚੇ ਦੇ ਮੌਜੂਦਾ ਟੀਕਾਕਰਨ ਦੇ ਰਿਕਾਰਡ ਨਾਲ ਜੋੜਿਆ ਜਾ ਸਕੇ ਤੇ MyGov ਤੇ ਦੇਖਿਆ ਜਾ ਸਕੇ।

ਐਚ ਪੀ ਵੀ ਟੀਕਾਕਰਣ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ – ਰਜ਼ਾਮੰਦੀ ਫ਼ਾਰਮ ਤੇ ਦਸਤਖ਼ਤ ਕਰਕੇ, ਤੁਸੀਂ ਭਵਿੱਖ ਵਿੱਚ ਰਾਸ਼ਟਰੀ ਸਰਵਾਈਕਲ ਸਕ੍ਰੀਨਿੰਗ ਪ੍ਰੋਗਰਾਮ ਰਜਿਸਟਰ ਨਾਲ ਜੋੜਨ ਲਈ ਆਪਣੇ ਬੱਚੇ ਦੀ ਸਿਹਤ ਦੀ ਜਾਣਕਾਰੀ ਦਾ ਖੁਲਾਸਾ ਕਰਨ ਲਈ ਸਹਿਮਤ ਹੋ ਰਹੇ ਹੋ।

### ਸ: ਮੈਂ ਸਕੂਲੀ ਟੀਕਾਕਰਨ ਬਾਰੇ ਵਧੇਰੇ ਜਾਣਕਾਰੀ ਕਿੱਥੋਂ ਲੈ ਸਕਦਾ/ਸਕਦੀ ਹਾਂ ?

ਜ਼ਿਆਦਾ ਜਾਣਕਾਰੀ ਉਪਲੱਬਧ ਹੈ:

- ਐਨ ਐਸ ਡਬਲਯੂ ਹੈਲਥ ਦੀ ਵੈਬਸਾਈਟ www.health.nsw.gov.au/schoolvaccination 'ਤੇ ਜਾ ਕੇ
- ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਨਾਲ 1300 066 055 'ਤੇ ਸੰਪਰਕ ਕਰਕੇ

# Human papillomavirus (HPV) vaccine
# Parent Information Sheet

October 2023 © NSW Health. SHPN (HP NSW) 230689-1-18

## ਟੀਕਾ ਲਗਵਾਉਣ ਤੋਂ ਬਾਅਦ ਕੀ ਕਰਨਾ ਹੈ

- ਇਸ ਰਿਕਾਰਡ ਨੂੰ ਰੱਖੋ, ਕਿਉਂਕਿ ਤੁਹਾਨੂੰ ਇਹ ਜਾਣਕਾਰੀ ਬਾਅਦ ਵਿੱਚ ਮੁਹੱਈਆ ਕਰਾਨੀ ਪੈ ਸਕਦੀ ਹੈ।
- ਤੁਹਾਡੇ ਬੱਚੇ ਦੇ ਟੀਕਿਆਂ ਬਾਰੇ ਜਾਣਕਾਰੀ ਆਪਣੇ ਆਪ ਆਸਟ੍ਰੇਲੀਅਨ ਇਮਯੂਨਾਈਜ਼ੇਸ਼ਨ ਰਜਿਸਟਰ (ਏ ਆਈ ਆਰ) 'ਤੇ ਅੱਪਲੋਡ ਕੀਤੀ ਜਾਵੇਗੀ। ਤੁਸੀਂ ਆਪਣੇ ਜੀ.ਪੀ ਨੂੰ ਟੀਕਾਕਰਨ ਦੀ ਮਿਤੀ ਬਾਰੇ ਅੱਪਡੇਟ ਕਰਨਾ ਪਸੰਦ ਕਰ ਸਕਦੇ ਹੋ।

## ਜੇਕਰ ਟੀਕੇ ਵਾਲੀ ਥਾਂ 'ਤੇ ਸਥਾਨਕ ਪ੍ਰਤੀਕਿਰਿਆ ਹੁੰਦੀ ਹੈ ਤਾਂ ਕੀ ਕਰਨਾ ਹੈ?

- ਦਰਦ ਤੋਂ ਅਰਾਮ ਲਈ ਟੀਕੇ ਦੀ ਜਗਾ ਉਤੇ ਇੱਕ ਠੰਡਾ ਗਿੱਲਾ ਕੱਪੜਾ ਰਖੋ।
- ਦਰਦ ਲਈ ਪੈਰਾਸੈਟਾਮੋਲ ਲਉ।
- ਵਾਧੂ ਤਰਲ ਪਦਾਰਥ ਪੀਓ।

**ਜੇਕਰ ਤੁਸੀਂ ਆਪਣੇ ਬੱਚੇ ਦੀ ਅਨੁਕਿਰਿਆ ਭੋਗਣ ਬਾਬਤ ਚਿੰਤਤ ਹੋ ਤਾਂ ਆਪਣੇ ਨਿੱਜੀ ਡਾਕਟਰ ਨਾਲ ਸੰਪਰਕ ਕਰੋ।**

NSW GOVERNMENT

## ਟੀਕਾ ਲਗਵਾਉਣ ਤੋਂ ਬਾਅਦ ਕੀ ਕਰਨਾ ਹੈ

- ਇਸ ਰਿਕਾਰਡ ਨੂੰ ਰੱਖੋ, ਕਿਉਂਕਿ ਤੁਹਾਨੂੰ ਇਹ ਜਾਣਕਾਰੀ ਬਾਅਦ ਵਿੱਚ ਮੁਹੱਈਆ ਕਰਾਨੀ ਪੈ ਸਕਦੀ ਹੈ।
- ਤੁਹਾਡੇ ਬੱਚੇ ਦੇ ਟੀਕਿਆਂ ਬਾਰੇ ਜਾਣਕਾਰੀ ਆਪਣੇ ਆਪ ਆਸਟ੍ਰੇਲੀਅਨ ਇਮਯੂਨਾਈਜ਼ੇਸ਼ਨ ਰਜਿਸਟਰ (ਏ ਆਈ ਆਰ) 'ਤੇ ਅੱਪਲੋਡ ਕੀਤੀ ਜਾਵੇਗੀ। ਤੁਸੀਂ ਆਪਣੇ ਜੀ.ਪੀ ਨੂੰ ਟੀਕਾਕਰਨ ਦੀ ਮਿਤੀ ਬਾਰੇ ਅੱਪਡੇਟ ਕਰਨਾ ਪਸੰਦ ਕਰ ਸਕਦੇ ਹੋ।

## ਜੇਕਰ ਟੀਕੇ ਵਾਲੀ ਥਾਂ 'ਤੇ ਸਥਾਨਕ ਪ੍ਰਤੀਕਿਰਿਆ ਹੁੰਦੀ ਹੈ ਤਾਂ ਕੀ ਕਰਨਾ ਹੈ?

- ਦਰਦ ਤੋਂ ਅਰਾਮ ਲਈ ਟੀਕੇ ਦੀ ਜਗਾ ਉਤੇ ਇੱਕ ਠੰਡਾ ਗਿੱਲਾ ਕੱਪੜਾ ਰਖੋ।
- ਦਰਦ ਲਈ ਪੈਰਾਸੈਟਾਮੋਲ ਲਉ।
- ਵਾਧੂ ਤਰਲ ਪਦਾਰਥ ਪੀਓ।

**ਜੇਕਰ ਤੁਸੀਂ ਆਪਣੇ ਬੱਚੇ ਦੀ ਅਨੁਕਿਰਿਆ ਭੋਗਣ ਬਾਬਤ ਚਿੰਤਤ ਹੋ ਤਾਂ ਆਪਣੇ ਨਿੱਜੀ ਡਾਕਟਰ ਨਾਲ ਸੰਪਰਕ ਕਰੋ।**

NSW GOVERNMENT

220730-2-18



# ਐਚ ਪੀ ਵੀ ਦੇ ਟੀਕਾਕਰਣ ਲਈ ਰਜ਼ਾਮੰਦੀ

NSW GOVERNMENT

ਮਾਪੇ ਜਾਂ ਰੱਖਵਾਲਾ ਪੂਰਾ ਕਰਨ। ਕਿਰਪਾ ਕਰਕੇ **ਕਾਲੀ** ਜਾਂ **ਨੀਲੀ** ਕਲਮ ਨਾਲ **ਵੱਡੇ** ਅੱਖਰਾਂ ਵਿੱਚ ਲਿਖੋ।

### 1. ਵਿਦਿਆਰਥੀ ਦਾ ਵੇਰਵਾ

ਗੋਤ

ਨਾਮ

ਜਨਮ ਮਿੱਤੀ ☐☐ / ☐☐ / 2 0 ☐☐

ਲਿੰਗ (ਮਰਦ/ਔਰਤ) ☐ ਮ ☐ ਅ ☐ ਅਨਿਸ਼ਚਿਤ/ ਅੰਤਰਲਿੰਗੀ/ ਅਣ-ਨਿਰਧਾਰਤ

ਕਲਾਸ

ਸਕੂਲ ਦਾ ਨਾਮ

ਮੈਡੀਕੇਅਰ ਨੰਬਰ

☐ ਆਪਣੇ ਬੱਚੇ ਦੇ ਨਾਮ ਨਾਲ ਉਸਦੇ ਮੈਡੀਕੇਅਰ ਕਾਰਡ ਦਾ ਨੰਬਰ ਵੀ ਲਿਖੋ

### 2. ਆਦਿਵਾਸੀ ਦਰਜਾ

☐ ਨਹੀਂ ☐ ਹਾਂ, ਐਬਉਰੀਜ਼ਨਲ ☐ ਹਾਂ, ਟੌਰਿਸ ਸਟਰੇਟ ਆਈਲੈਂਡਰ ☐ ਹਾਂ, ਦੋਵੇਂ ਐਬਉਰੀਜ਼ਨਲ ਅਤੇ ਟੌਰਿਸ ਸਟੇਟ ਆਈਲੈਂਡਰ

### 3. ਤੁਹਾਡਾ ਵੇਰਵਾ – ਮਾਪੇ ਜਾਂ ਕਾਨੂੰਨਨ ਰੱਖਵਾਲਾ

ਮੈਂ ਐਚ ਪੀ ਵੀ ਦੇ ਟੀਕੇ ਦੇ ਫ਼ਾਇਦੇ ਅਤੇ ਸੰਭਵ ਨੁਕਸਾਨਾਂ ਬਾਬਤ ਦਿੱਤੀ ਜਾਣਕਾਰੀ ਪੜ੍ਹੀ ਅਤੇ ਸਮਝ ਲਈ ਹੈ।

ਮੈਂ ਇੱਥੇ ਆਪਣੇ ਬੱਚੇ ਨੂੰ, ਜਿਸ ਦਾ ਉੱਪਰ ਨਾਮ ਦਿੱਤਾ ਗਿਆ ਹੈ, ਨੂੰ ਐਚ ਪੀ ਵੀ ਵੈਕਸੀਨ ਦੀ ਇੱਕ ਖੁਰਾਕ ਪ੍ਰਾਪਤ ਕਰਨ ਲਈ ਸਹਿਮਤੀ ਦਿੰਦਾ/ਦਿੰਦੀ ਹਾਂ ਅਤੇ ਭਵਿੱਖ ਵਿੱਚ ਰਾਸ਼ਟਰੀ ਸਰਵਾਈਕਲ ਸਕ੍ਰੀਨਿੰਗ ਪ੍ਰੋਗਰਾਮ ਰਜਿਸਟਰ ਨਾਲ ਜੋੜਨ ਲਈ ਮੇਰੇ ਬੱਚੇ ਦੀ ਸਿਹਤ ਜਾਣਕਾਰੀ ਦਾ ਖੁਲਾਸਾ ਕਰਨ ਲਈ ਸਹਿਮਤ ਹਾਂ।

ਮੈਂ ਆਪਣੀ ਪੂਰੀ ਜਾਣਕਾਰੀ ਮੁਤਾਬਿਕ ਘੋਸ਼ਿਤ ਕਰਦਾ/ਕਰਦੀ ਹਾਂ, ਕਿ ਮੇਰੇ ਬੱਚੇ ਨੂੰ:

1. ਕਿੱਸੇ ਵੀ ਟੀਕੇ ਦੀ ਐਨਾਫ਼ਾਈਲੈਕਟਿਕ ਅਨੁਕ੍ਰਿਆ ਕਦੇ ਨਹੀਂ ਹੋਈ।
2. ਟੀਕੇ ਦੇ ਕਿੱਸੇ ਵੀ ਤੱਤ ਜੋ ਕਿ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਜਾਣਕਾਰੀ ਵਾਲੀ ਪੱਤ੍ਰੀ ਵਿੱਚ ਸੂਚੀਬੱਧ ਹਨ, ਤੋਂ ਐਨਾਫ਼ਾਈਲੈਕਟਿਕ ਸੰਵੇਦਨਸ਼ੀਲਤਾ ਨਹੀਂ ਹੈ।
3. ਗਰਭਵਤੀ ਨਹੀਂ ਹੈ।

ਪੇ ਜਾਂ ਰੱਖਵਾਲੇ ਦਾ ਨਾਮ (ਜਿਵੇਂ ਕਿ, JOHN SMITH)

ਘਰ ਦਾ ਪਤਾ (ਜਿਵੇਂ ਕਿ, 5 SMITH LANE)

ਸਬਰਬ

ਪੋਸਟਕੋਡ ਨੰਬਰ

ਮੋਬਾਇਲ ਨੰਬਰ

ਉੱਤਮ ਵਕਿਲਪੀ ਜਾਂ ਦੂਸਰਾ ਨੰਬਰ (ਏਰੀਆ ਕੋਡ ਸਮੇਤ ਜਿਵੇਂ ਕਿ, 02)

ਮਾਪੇ/ਰੱਖਵਾਲੇ ਦੇ ਦਸਤਖਤ

✕

ਤਿੱਥੀ ☐☐ / ☐☐ / 2 0 ☐☐

## ਐਚ ਪੀ ਵੀ ਦੇ ਟੀਕੇ ਦਾ ਉਲੇਖ

✍ ਮਾਪੇ ਜਾਂ ਰੱਖਵਾਲਾ ਪੂਰਾ ਕਰਨ

**ਵਿਦਿਆਰਥੀ ਦਾ ਨਾਮ** (ਜਿਵੇਂ ਕਿ, JANE SMITH)

### ਸ਼ਿਰਫ਼ ਦਫ਼ਤਰ ਦੀ ਵਰਤੋਂ ਲਈ

**ਪਹਿਲੀ ਖ਼ੁਰਾਕ**

**ਬਾਂਹ** ☐ ਖੱਬੀ ☐ ਸੱਜੀ

ਟੀਕਾ ਲਗਾਉਣ ਦਾ ਸਮਾਂ (24 ਘੰਟ) __ __ : __ __

ਟੀਕੇ ਦਾ ਘਾਣ (ਬੈਚ) ਨੰਬਰ

ਨਰਸ (ਦਾਈ) ਦੇ ਦਸਤਖਤ ×

ਤਿੱਥੀ __ __ / __ __ 2 0 __ __

**ਨਰਸ ਦੀਆਂ ਟਿੱਪਣੀਆਂ**

ਟੀਕਾ ਨਾ ਲੱਗਣ ਦੇ ਕਾਰਨ

- ☐ ਗ਼ੈਰਹਾਜਰ
- ☐ ਮਨ੍ਹਾ ਕੀਤਾ ਗਿਆ'd
- ☐ ਠੀਕ ਨਹੀਂ
- ☐ ਦਸਤਖਤ ਨਹੀਂ
- ☐ ਰਜ਼ਾਮੰਦੀ ਵਾਪਸ ਲੈ ਲਈ
- ☐ ਹੋਰ

## **ਮਾਪੇ / ਰੱਖਿਅਕ** ਐਚ ਪੀ ਵੀ ਦੇ ਟੀਕੇ ਦਾ ਉਲੇਖ

ਐਚ ਪੀ ਵੀ ਦੇ ਟੀਕੇ ਦਾ ਉਲੇਖ

**ਪਹਿਲੀ ਖ਼ੁਰਾਕ**

✍ ਮਾਪੇ ਜਾਂ ਰੱਖਵਾਲਾ ਪੂਰਾ ਕਰਨ

**ਵਿਦਿਆਰਥੀ ਦਾ ਨਾਮ** (ਜਿਵੇਂ ਕਿ, JANE SMITH)

### ਸ਼ਿਰਫ਼ ਦਫ਼ਤਰ ਦੀ ਵਰਤੋਂ ਲਈ

**ਬਾਂਹ** ☐ ਖੱਬੀ ☐ ਸੱਜੀ

ਟੀਕਾ ਲਗਾਉਣ ਦਾ ਸਮਾਂ (24 ਘੰਟ) __ __ : __ __

ਟੀਕੇ ਦਾ ਘਾਣ (ਬੈਚ) ਨੰਬਰ

ਨਰਸ (ਦਾਈ) ਦੇ ਦਸਤਖਤ ×

ਤਿੱਥੀ __ __ / __ __ __ __ __ __

ਸਿਰਫ਼ ਉਦਾਹਰਣ
ਕਿਰਪਾ ਕਰਕੇ ਔਨਲਾਈਨ
ਰਜ਼ਾਮੰਦੀ ਫ਼ਾਰਮ ਪੂਰਾ ਕਰੋ।

# ਡਿਫ਼ਥੀਰੀਆ, ਟੈਟਨੱਸ ਅਤੇ ਪਰਟੂਸ਼ਿਸ (ਡੀ ਟੀ ਪੀ ਏ) ਦਾ ਟੀਕਾਕਰਨ

Diphtheria, tetanus and pertussis (dTpa) vaccine

ਐਨ ਐਸ ਡਬਲਯੂ ਹੈਲਥ ਰੋਗਾਂ ਵਿਰੁੱਧ ਸਰੀਰਕ ਸੁਰੱਖਿਆ ਪ੍ਰਦਾਨ ਕਰਨ ਵਾਲੇ ਟੀਕਿਆਂ, ਜ਼ਿਹਨਾਂ ਦੀ ਸਿਫ਼ਾਰਸ਼ ਨੈਸ਼ਨਲ ਹੈਲਥ ਅਤੇ ਮੈਡੀਕਲ ਰਿਸਰਚ ਕੌਂਸਲ ਸਕੂਲ ਟੀਕਾਕਰਨ ਪ੍ਰੋਗ੍ਰਾਮ ਵਿੱਚ ਨੌਜਵਾਨਾਂ ਲਈ ਕੀਤੀ ਗਈ ਹੈ, ਦੀ ਪੇਸ਼ਕਸ ਕਰਦਾ ਹੈ। ਟੀਕੇ ਲਈ ਮਾਪਿਆਂ / ਰੱਖਵਾਲੇ ਦੀ ਦਸਤਖ਼ਤ ਸਹਿਤ ਰਜ਼ਾਮੰਦੀ ਜ਼ਰੂਰੀ ਹੈ।

## ਤੁਹਾਡੇ ਅਗਲੇਰੇ ਕਦਮ

- ਇਸ ਜਾਣਕਾਰੀ ਵਾਲੇ ਪੱਤਰੇ ਨੂੰ ਧਿਆਨ ਨਾਲ ਪੜ੍ਹੋ।
- ਜੇਕਰ ਤੁਸੀਂ ਆਪਣੇ ਬੱਚੇ ਨੂੰ ਡਿਫ਼ਥੀਰੀਆ, ਟੈਟਨੱਸ, ਅਤੇ ਪਰਟੂਸ਼ਿਸ ਦਾ ਟੀਕਾਕਰਨ ਕਰਵਾਉਣਾ ਚਾਹੁੰਦੇ ਹੋ, ਤਾਂ ਰਜ਼ਾਮੰਦੀ ਫ਼ਾਰਮ ਭਰੋ ਅਤੇ ਦਸਤਖਤ ਕੀਤਾ ਹੋਇਆ ਫਾਰਮ ਬੱਚੇ ਨੂੰ ਸਕੂਲ ਵਿਚ ਵਾਪਸ ਕਰਨ ਲਈ ਦੇ ਦੇਵੋ।
- ਜੇਕਰ ਤੁਸੀਂ ਆਪਣੇ ਬੱਚੇ ਨੂੰ ਡਿਫ਼ਥੀਰੀਆ, ਟੈਟਨੱਸ, ਅਤੇ ਪਰਟੂਸ਼ਿਸ ਦਾ ਟੀਕਾਕਰਨ **ਨਹੀਂ** ਲੱਗਵਾਉਣਾ ਚਾਹੁੰਦੇ, ਤਾਂ ਰਜ਼ਾਮੰਦੀ ਫ਼ਾਰਮ ਨੂੰ **ਨਾਂ** ਭਰੋ ਅਤੇ ਨਾਂ ਹੀ ਵਾਪਸ ਕਰੋ।

## ਸ: ਡਫ਼ਿਥੀਰੀਆ, ਟੈਟਨੱਸ ਅਤੇ ਪਰਟੂਸ੍ਰਿਸ ਕੀ ਹਨ ?

**ਡਿਫ਼ਥੀਰੀਆ** ਛੂਹ ਨਾਲ ਹੋਣ ਵਾਲਾ ਅਤੇ ਰੋਗਾਣੂਆਂ ਦੀ ਛੂ ਨਾਲ ਜੀਵਨ-ਖ਼ਤਰੇ ਦੀ ਸੰਭਵਾਨਾ ਹੋ ਸਕਣ ਵਾਲਾ ਰੋਗ਼ ਹੈ ਜਿਸ ਨਾਲ ਸਾਹ ਲੈਣ ਵਿੱਚ ਸਖਤ ਕਠਨਾਈਆਂ, ਦਿਲ ਦਾ ਫ਼ੇਲ੍ਹ ਹੋਣਾ ਅਤੇ ਨੱਸ ਨੁਕਸਾਨ ਹੁੰਦਾ ਹੈ।

**ਟੈਟਨਸ** ਦਿਮਾਗੀ ਪ੍ਰਣਾਲੀ ਦੀ ਇੱਕ ਗੰਭੀਰ, ਤੇ ਅਕਸਰ ਘਾਤਕ ਹੋਣ ਵਾਲੀ ਬਿਮਾਰੀ ਹੈ। ਵਿਅਕਤੀ ਨੂੰ ਗੰਭੀਰ ਦਰਦਨਾਕ ਮਾਸਪੇਸ਼ੀਆਂ ਵਿੱਚ ਕੜਵੱਲ, ਸਰੀਰਕ ਬੇਕਾਬੂ ਤੇਜ਼ ਝੱਟਕੇ ਅਤੇ ਦੰਦਲਾਂ ਪੈਣ ਦੇ ਦੁਖ ਭੋਗਦਾ ਹੈ। ਮੁਸ਼ਕਿਲਾਂ ਵਿੱਚ ਨਮੂਨੀਆ, ਟੁੱਟੀਆਂ ਹੱਡੀਆਂ (ਮਾਸਪੇਸ਼ੀ ਦੇ ਕੜਵੱਲ ਤੋਂ), ਸਾਹ ਬੰਦ ਹੋਣਾ ਅਤੇ ਦਿਲ ਦਾ ਦੌਰਾ ਸ਼ਾਮਲ ਹੈ।

**ਪਰਟੂਸ਼ਿਸ** (ਵੂੱਪਿੰਗ ਕੱਫ਼) ਇੱਕ ਬਹੁਤ ਹੀ ਛੂਤ ਗ੍ਰਸਤ ਰੋਗ਼ਾਣੂਆਂ ਰਾਹੀ ਹੋਣ ਵਾਲਾ ਅਜਿਹਾ ਰੋਗ਼ ਹੈ ਜਿਸ ਨਾਲ ਥੋੜ੍ਹੇ ਥੋੜ੍ਹੇ ਸਮਿਆਂ ਲਈ ਬਹੁਤ ਹੀ ਖੰਘ ਆਉਂਦੀ ਹੈ। ਨੌਜਵਾਨਾਂ ਅਤੇ ਬਾਲਗ਼ਾਂ ਨੂੰ ਤੰਗ ਕਰਨ ਵਾਲੀ ਇਹ ਖੰਘ 3 ਮਹੀਨਿਆਂ ਤੱਕ ਹੋ ਸਕਦੀ ਹੈ। ਛੋਟੇ ਛੋਟੇ ਸਮਿਆਂ ਲਈ ਸਖਤ ਖੰਘ ਕਰਕੇ ਉਲਟੀਆਂ, ਪਸਲੀ ਦੇ ਟੋਟੇ, ਛੋਟੀਆਂ ਖ਼ੂਨ ਨਾੜੀਆਂ ਦਾ ਫੱਟਣਾ ਅਤੇ ਹਰਨੀਆ ਰੋਗ਼ ਹੋ ਸਕਦੇ ਹਨ। ਬੱਚਿਆਂ ਵਿੱਚ ਹੋਣ ਵਾਲੀਆਂ ਪਰੇਸ਼ਾਨੀਆਂ ਵਿੱਚ ਨਮੂਨੀਆ, ਦੌਰੇ ਅਤੇ ਦਿਮਾਗ ਨੂੰ ਨੁਕਸਾਨ (ਹਾਈਪੌਕਸਿਕ ਐਨਸੇਫੈਲੋਪੈਥੀ) ਸ਼ਾਮਲ ਹਨ।

## ਸ: ਡਿਫ਼ਥੀਰੀਆ, ਟੈਟਨਸ ਅਤੇ ਪਰਟੂਸ਼ਿਸ ਕਿਵੇਂ ਫੈਲਦੇ ਹਨ ?

**ਡਿਫ਼ਥੀਰੀਆ** ਦੇ ਰੋਗ਼ਾਣੂ ਪ੍ਰਭਾਵਤ ਵਿਅਕਤੀਆਂ ਦੇ ਮੂੰਹ, ਨੱਕ, ਗਲਾ ਜਾਂ ਚਮੜੀ ਉਪਰ ਰਹਿ ਸਕਦੇ ਹਨ। ਪ੍ਰਭਾਵਤ ਵਿਅਕਤੀ ਦੇ ਖੰਘਣ ਜਾਂ ਛਿੱਕਾਂ ਮਾਰਨ ਤੋਂ ਬਾਅਦ ਲੋਕ ਸਾਹ ਅੰਦਰ ਖਿੱਚਣ ਨਾਲ ਡਿਫ਼ਥੀਰੀਆ ਦੇ ਰੋਗ਼ ਗ੍ਰਸਤ ਹੋ ਜਾਂਦੇ ਹਨ। ਪ੍ਰਭਾਵਤ ਵਿਅਕਤੀ ਦੇ ਮੂੰਹ, ਨੱਕ, ਗਲਾ ਜਾਂ ਚਮੜੀ ਤੋਂ ਨਿਕਾਸੇ ਪਦਾਰਥਾਂ ਨਾਲ ਨਜ਼ਦੀਕੀ ਛੂ ਕਰਨ ਕਰਕੇ ਵੀ ਲੋਕਾਂ ਨੂੰ ਡਿਫ਼ਥੀਰੀਆ ਦਾ ਰੋਗ਼ ਲੱਗ ਸਕਦਾ ਹੈ।

**ਟੈਟਨੱਸ** ਰੋਗ਼ਾਣੂਆਂ ਰਾਹੀਂ ਹੁੰਦਾ ਹੈ ਜੋ ਮਿੱਟੀ ਵਿੱਚ ਮਿਲਦੇ ਹਨ ਅਤੇ ਇਹ ਲਾਗ ਵਡੀ ਸੱਟ ਜਾਂ ਛੋਟੇ ਜਿਹੇ ਜ਼ਖ਼ਮਾਂ ਤੋਂ ਹੋ ਸਕਦੀ ਹੈ। (ਕਈ ਵਾਰੀਂ ਬੇਧਿਆਨੇ ਚਮੜੀ ਦੇ ਫੱਟ ਜੋ ਕੀ ਮਿੱਟੀ, ਧੂੜ ਜਾਂ ਰੂੜੀ ਨਾਲ ਮਲੀਨ ਹਨ)।

**ਕਾਲੀ ਖਾਂਸੀ** ਦੂਸਰੇ ਲੋਕਾਂ ਤੱਕ ਛਿੱਕਾਂ ਜਾਂ ਖੰਘ ਨਾਲ ਬਣੇ ਬਰੀਕ ਬਰੀਕ ਤਰੁੱਪਕਿਆਂ ਰਾਹੀਂ ਫੈਲਦੀ ਹੈ। ਇਲਾਜ ਤੋਂ ਬਗ਼ੈਰ, ਕਾਲੀ ਖਾਂਸੀ ਦਾ ਰੋਗ਼ੀ ਖੰਘ ਸ਼ੁਰੂ ਹੋਣ ਤੋਂ ਬਾਅਦ ਇਸਦਾ ਫੈਲਾਅ ਦੂਸਰੇ ਲੋਕਾਂ ਨੂੰ ਤਿੰਨ ਹਫ਼ਤਿਆਂ ਤੱਕ ਕਰ ਸਕਦਾ ਹੈ।

## ਸ: ਟੀਕੇ ਕਿਵੇਂ ਕੰਮ ਕਰਦੇ ਹਨ ?

ਟੀਕੇ ਸਰੀਰ ਦੀ ਸੁਰੱਖਿਆ ਪ੍ਰਨਾਲੀ ਨੂੰ ਕੁਝ ਲਾਗਾਂ ਦੇ ਟਾਕਰੇ ਲਈ ਸਰਗਰਮ ਕਰਦੇ ਹਨ। ਜੇ ਇਕ ਟੀਕਾਕਰਨ ਕੀਤਾ ਵਿਅਕਤੀ ਇਹਨਾਂ ਲਾਗਾਂ ਦੇ ਸੰਪਰਕ ਵਿਚ ਆਉਂਦਾ ਹੈ, ਤਾਂ, ਉਹਨਾਂ ਦੀ ਸਰੀਰਕ ਸੁਰੱਖਿਆ ਪ੍ਰਨਾਲੀ, ਬਿਮਾਰੀ ਨੂੰ ਰੋਕਣ ਜਾਂ ਇਸਦੀ ਤੀਬਰਤਾ ਨੂੰ ਘੱਟ ਕਰਨ ਲਈ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇ ਸਕਦੀ ਹੈ।

## ਸ: ਟੀਕਾ ਕਿੰਨਾਂ ਅਸਰਕਾਰੀ ਹੈ ?

ਇਹ ਟੀਕਾ ਡਿਪਥਿਰਿਆ ਅਤੇ ਟੈਟਨਸ ਨੂੰ ਰੋਕਣ ਵਿਚ ਬਹੁੱਤ ਅਸਰਦਾਰ ਹੈ ਅਤੇ ਕਾਲੀ ਖਾਂਸੀ ਨੂੰ ਰੋਕਣ ਵਿਚ 80% ਅਸਰਦਾਰ ਹੈ।

## ਸ: ਮੇਰੇ ਬੱਚੇ ਨੂੰ ਬਚਾਅ ਲਈ ਟੀਕੇ ਦੀਆਂ ਕਿੰਨੀਆਂ ਖ਼ੁਰਾਕਾਂ ਦੀ ਜ਼ਰੂਰਤ ਹੈ ?

ਡੀ ਟੀ ਪੀ ਏ ਟੀਕੇ ਦੀ ਇੱਕ ਖੁਰਾਂਕ ਡਿਪਥਿਰਿਆ, ਟੈਟਨਸ ਅਤੇ ਕਾਲੀ ਖਾਂਸੀ ਤੋਂ ਬਚਾ ਲਈ ਬਾਲਗਪੁਣੇ ਦੇ ਸ਼ੁਰੂ ਦੇ ਸਾਲਾਂ ਵਿਚ ਚਾਹੀਦੀ ਹੈ।

## ਸ: ਟੀਕਾਕਰਣ ਕਿਸ ਨੂੰ ਲਗਵਾਉਣਾ ਚਾਹੀਦਾ ਹੈ ?

ਸਾਰੇ ਅੱਲ੍ਹੜਾਂ ਨੂੰ ਡਿਫ਼ਥੀਰੀਆ, ਟੈਟਨੱਸ ਅਤੇ ਕਾਲੀ ਖ਼ਾਂਸੀ ਵਿਰੁੱਧ ਬਚਾਅ ਲਈ ਡੀ ਟੀ ਪੀ ਏ ਸਰੀਰਕ ਸੁਰੱਖਿਆ ਟੀਕਾ ਤੱਤਾਂ ਦੀ ਇਕ ਖ਼ੁਰਾਕ ਲੈਣੀ ਚਾਹੀਦੀ ਹੈ। ਬਚਪਨ ਵਿੱਚ ਲੱਗੇ ਡਿਪਥੀਰੀਆ-ਟੈਟਨਸ-ਕਾਲੀ ਖੰਘ ਵਾਲੇ ਟੀਕਿਆਂ ਦੇ ਬਾਅਦ ਇਹ ਬੂਸਟਰ ਦਾ ਟੀਕਾ ਬਾਲਗਾਂ ਵਿੱਚ ਪ੍ਰਤੀਰੋਧਕ ਸੁਰੱਖਿਆ ਬਣਾਈ ਰੱਖਣ ਲਈ ਜ਼ਰੂਰੀ ਹੈ। ਜਿਹਨਾਂ ਵਿਦਿਆਰਥੀਆਂ ਨੇ ਪਹਿਲਾਂ ਹੀ ਡਿਫ਼ਥੀਰੀਆ-ਟੈਟਨੱਸ ਦੇ ਟੀਕਾ ਤੱਤ (ਏ ਡੀ ਟੀ) ਲੈ ਲਏ ਸਨ, ਉਹ ਵੀ ਕਾਲੀ ਖ਼ਾਂਸੀ ਦੇ ਬਚਾਅ ਲਈ ਡੀ ਟੀ ਪੀ ਏ ਦੇ ਟੀਕਾ ਤੱਤ ਲੈ ਸਕਣਗੇ।

## ਸ: ਇਹ ਟੀਕਾਕਰਨ ਕਿਸਨੂੰ ਨਹੀਂ ਲਾਇਆ ਜਾਣਾ ਚਾਹੀਦਾ ?

ਡੀ ਟੀ ਪੀ ਏ ਦਾ ਟੀਕਾਕਰਨ ਉਹਨਾਂ ਲੋਕਾਂ ਨੂੰ ਨਹੀਂ ਦੇਣਾ ਚਾਹੀਦਾ:

- ਜਿਹਨਾਂ ਨੂੰ ਟੀਕਾਕਰਨ ਦੀ ਪਹਿਲੀ ਖ਼ੁਰਾਕ ਲੈਣ ਨਾਲ ਐਨਾਫ਼ਾਈਲੈਕਸਿਸ ਹੋਇਆ ਸੀ
- ਜਿਹਨਾਂ ਨੂੰ ਟੀਕਾਕਰਨ ਦੇ ਕਿਸੇ ਵੀ ਹਿਸੇ ਨੂੰ ਲੈਣ ਉਪਰੰਤ ਐਨਾਫ਼ਾਈਲੈਕਸਿਸ ਹੋਇਆ ਸੀ (ਅਗਲੇ ਸਫ਼ੇ ਤੇ ਦਿੱਤੇ ਗਏ ਹਨ)

## ਸ: ਜੇ ਮੈਂ ਆਪਣੇ ਬੱਚੇ ਦੀ ਵੱਡੇ ਹੋਣ ਤੱਕ ਉਡੀਕ ਕਰਾਂ, ਫ਼ਿਰ ਕੀ ?

ਡੀ ਟੀ ਪੀ ਏ ਟੀਕਾ ਕੇਵਲ ਸਕੂਲ ਵਿੱਚ ਹੀ ਦਿੱਤਾ ਜਾ ਸਕਦਾ ਹੈ ਜਦੋਂ ਤੁਸੀਂ ਦਸਤਖ਼ਤ ਕੀਤੇ ਹੋਏ ਸਹਿਮਤੀ ਫਾਰਮ ਸਕੂਲ ਨੂੰ ਵਾਪਸ ਕਰਦੇ ਹੋ ਅਤੇ ਜਦੋਂ ਤੁਹਾਡਾ ਬੱਚਾ ਇਕ ਇੰਟੈਂਸਿਵ ਇੰਗਲਿਸ਼ ਸੈਂਟਰ ਵਿਚ ਹੈ ਜਾਂ 7 ਵੇਂ ਸਾਲ ਵਿਚ ਹੈ। ਜੇ ਤੁਸੀਂ ਆਪਣੇ ਬੱਚੇ ਦੇ ਵੱਡੇ ਹੋਣ ਤੱਕ ਉਡੀਕ ਕਰਨ ਦੀ ਚੋਣ ਕਰਦੇ ਹੋ ਤਾਂ ਤੁਹਾਨੂੰ ਆਪਣੇ ਜੀ.ਪੀ. ਨਾਲ ਪ੍ਰਬੰਧ ਕਰਨੇ ਪੈਣਗੇ।

## ਸ: ਟੀਕੇ ਕਿੰਨੇ ਕੁ ਸੁੱਰਖਿਅਤ ਹਨ ?

ਆਸਟਰੇਲੀਆ ਵਿੱਚ ਵਰਤੇ ਜਾਣ ਵਾਲੇ ਟੀਕੇ ਸੁਰੱਖਿਅਤ ਹਨ ਅਤੇ ਥੇਰਾਪਿਊਟਕ ਗੁਡਜ਼ ਐਡਮਿਨਿਸਟਰੇਸ਼ਨ (ਟੀ ਜੀ ਏ) ਵਲੋਂ ਪ੍ਰਵਾਨਤ ਹੋਣ ਤੋਂ ਪਹਿਲਾਂ ਸਖ਼ਤ ਸੁਰੱਖਿਆ ਪਰਖ ਨੂੰ ਪਾਸ ਕਰਨਾ ਜ਼ਰੂਰੀ ਹੈ। ਇਸ ਤੋਂ ਇਲਾਵਾ, ਟੀ ਜੀ ਏ ਵਰਤੋਂ ਵਿੱਚ ਆਉਣ ਤੇ ਟੀਕਿਆਂ ਦੀ ਸੁਰੱਖਿਆ ਲਈ ਨਿਗਰਾਨੀ ਰੱਖਦੀ ਹੈ।

## ਸ: ਟੀਕਾਕਰਨ ਵਿੱਚ ਕਿਹੜੇ ਵਾਧੂ ਪਦਾਰਥ ਹਨ ?

ਟੀਕੇ ਦੇ ਤੱਤਾਂ ਵਿੱਚ ਐਲੂਮੀਨੀਅਮ ਅਤੇ ਫਾਸਫੇਟ, ਫੋਰਮੇਲਡੀਹਾਇਡ ਦੀ ਬਹੁਤ ਥੋੜ੍ਹੀ ਮਿਕਦਾਰ ਵਿੱਚ ਪੌਲੀਸੋਰਬੇਟ 80 ਅਤੇ ਗਲੀਸਰੀਨ ਹੁੰਦੇ ਹਨ, ਟੀਕਾ ਬਣਾਉਂਦੇ ਸਮੇਂ ਇਹ ਗੋਕੇ ਲਹੂ ਦੇ ਪ੍ਰੋਟੀਨ ਨਾਲ ਬਣੀ ਸਮੱਗਰੀ ਦੇ ਸੰਪਰਕ ਵਿੱਚ ਆਇਆ ਸੀ।

## ਸ: ਟੀਕਾਕਰਨ ਦੇ ਮਾੜੇ ਪ੍ਰਭਾਵ ਕੀ ਹਨ ?

ਇਸਦੇ ਦੁਰ ਪ੍ਰਭਾਵ ਅਕਸਰ ਹਲਕੇ ਹੁੰਦੇ ਹਨ ਅਤੇ ਸਧਾਰਨ ਤੌਰ ਤੇ ਟੀਕਾ ਲੱਗਣ ਵਾਲੀ ਜਗਾ ਦਾ ਲਾਲ ਹੋਣਾਂ,ਦਰਦ, ਸੋਜ਼ਸ ਅਤੇ ਬੁਖਾਰ ਵਰਗੇ ਹੁੰਦੇ ਹਨ। ਗੰਭੀਰ ਮੰਦੇ ਅਸਰ ਬਹੁਤ ਹੀ ਘੱਟ ਹੁੰਦੇ ਹਨ। www.health.nsw.gov.au/schoolvaccination ਤੋਂ ਉਪਲਬਧ ਟੀਕਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵਧੇਰੇ ਜਾਣਕਾਰੀ ਉਪਭੋਗਤਾ ਦਵਾਈਆਂ ਦੀ ਜਾਣਕਾਰੀ (ਸੀ.ਐੱਮ.ਆਈ.) ਉਪਰ ਉਪਲਬਧ ਹੈ। ਟੀਕਾਕਰਣ ਤੋਂ ਬਾਅਦ ਦੇ ਮਾੜੇ ਪ੍ਰਭਾਵਾਂ ਤੋਂ ਫਿਕਰਮੰਦ ਮਾਪਿਆਂ ਨੂੰ ਆਪਣੇ ਜੀ.ਪੀ. ਨਾਲ ਸੰਪਰਕ ਕਰਨਾ ਚਾਹੀਦਾ ਹੈ, ਜਿਸਨੂੰ ਸਥਾਨਕ ਜਨਤਕ ਸਿਹਤ ਇਕਾਈ ਨੂੰ ਵੀ ਰਿਪੋਰਟ ਕਰਨੀ ਚਾਹੀਦੀ ਹੈ।

## ਸ: ਐਨਾਫ਼ਾਈਲੈਅਕਸਸ ਕੀ ਹੈ ?

ਐਨਾਫਾਈਲੈਕਸਿਸ ਇੱਕ ਗੰਭੀਰ ਲਰਜੀ ਵਾਲੀ ਪ੍ਰਤਿਕ੍ਰਿਆ ਹੈ ਜਿਸਦੇ ਨਤੀਜੇ ਵਜੋਂ ਬੇਹੋਸ਼ੀ ਅਤੇ ਮੌਤ ਹੋ ਸਕਦੀ ਹੈ ਜੇ ਉਸ ਦਾ ਫੌਰਨ ਇਲਾਜ ਨਹੀਂ ਕੀਤਾ ਜਾਂਦਾ। **ਇਹ ਕਿਸੇ ਵੀ ਟੀਕਾਕਰਨ ਲੱਗਣ ਕਾਰਨ *ਬਹੁਤ ਹੀ ਘੱਟ* ਹੁੰਦੀ ਹੈ।** ਸਕੂਲ ਵਿੱਚ ਟੀਕਾਕਰਨ ਕਰਨ ਵਾਲੀਆਂ ਨਰਸਾਂ ਐਨਾਫ਼ਾਈਲੈਅਕਸਸ ਦੇ ਇਲਾਜ ਲਈ ਪੂਰਨ ਸਿਖਲਾਈ ਪ੍ਰਾਪਤ ਹੁੰਦਿਆਂ ਹਨ।

## ਸ: ਤੱਦ ਕੀ ਜੇਕਰ ਮੇਰੇ ਬੱਚੇ ਨੂੰ ਛੋਟੇ ਹੁੰਦੇ ਪੁਰਾਣੀ ਤੇਹੜੀ (ਟਰਿਪਲ) ਐਂਟੀਜਨ ਜਾਂ ਡੀ ਟੀ ਪੀ ਦੇ ਟੀਕਾਕਰਨ ਨਾਲ ਬਹੁਤ ਹੀ ਜ਼ਿਆਦਾ ਪ੍ਰੀਕਿਰਿਆ ਹੋਈ ਸੀ ?

ਜੇਕਰ ਤੁਹਾਡੇ ਬੱਚੇ ਨੂੰ ਪਹਿਲਾਂ ਦੇ ਟੀਕਾਕਰਨ ਨਾਲ ਇੱਕ ਦੱਮ ਕਠੋਰ ਐਲਰਜੀ ਜਾਂ ਐਨਾਫ਼ਾਈਲੈਕਟਿਕ ਪ੍ਰੀਕਿਰਿਆ ਨਹੀਂ ਹੋਈ ਸੀ ਤਾਂ ਤੁਹਾਡੇ ਬੱਚੇ ਲਈ ਡੀ ਟੀ ਪੀ ਏ ਦਾ ਟੀਕਾਕਰਨ ਕਰਵਾਉਣਾ ਸੁਰੱਖਿਅਤ ਹੈ।

## ਸ: ਜੇਕਰ ਮੇਰੇ ਬੱਚੇ ਨੂੰ ਦਮਾ ਹੈ ਅਤੇ ਉਹ ਕੋਰਟੀਸੋਨ ਜਾਂ ਪਰੈਡਨੀਸੋਨ ਇੱਕ ਪਫਰ ਰਾਹੀਂ ਲੈਂਦਾ ਹੈ ਤਾਂ ਕੀ ਹੋਵੇਗਾ ?

ਡੀ ਟੀ ਪੀ ਏ ਦਾ ਟੀਕਾਕਰਨ ਕਿਸੇ ਵੀ ਵਿਅਕਤੀ ਜਿਸਨੂੰ ਦਮਾ ਹੋਵੇ ਸੁਰੱਖਿਅਤ ਤੌਰ ਤੇ ਦਿੱਤਾ ਜਾ ਸਕਦਾ ਹੈ ਭਾਵੇਂ ਇਸਦੇ ਕਿ ਉਹ ਕਿਹੜੀਆਂ ਵੀ ਦਵਾਈਆਂ ਲੈ ਰਹੇ ਹੋਣ।

## ਸ: ਟੀਕਾਕਰਣ ਲਈ ਕੌਣ ਸਹਿਮਤੀ ਦੇ ਸਕਦਾ ਹੈ ਅਤੇ ਕੀ ਸਹਿਮਤੀ ਵਾਪਸ ਲਈ ਜਾ ਸਕਦੀ ਹੈ ?

18 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਲਈ ਟੀਕਾਕਰਨ ਲਈ ਸਹਿਮਤੀ ਕੇਵਲ ਮਾਪੇ / ਸਰਪ੍ਰਸਤ ਹੀ ਦੇ ਸਕਦੇ ਹਨ। 18 ਸਾਲ ਜਾਂ ਵੱਧ ਉਮਰ ਦੇ ਵਿਦਿਆਰਥੀ ਆਪਣੇ ਟੀਕਾਕਰਨ ਲਈ ਸਹਿਮਤੀ ਆਪ ਦੇ ਸਕਦੇ ਹਨ ਅਤੇ ਸਹਿਮਤੀ ਫਾਰਮ ਨੂੰ ਭਰਕੇ ਅਤੇ ਜਿੱਥੇ 'ਮਾਤਾ -ਪਿਤਾ / ਸਰਪ੍ਰਸਤ' ਦੇ ਹਸਤਾਖਰ ਦਾ ਸੰਕੇਤ ਹੈ ਉਥੇ ਹਸਤਾਖਰ ਕਰਨਾ ਚਾਹੀਦਾ ਹੈ। ਸਕੂਲ ਨੂੰ ਰਜ਼ਾਮੰਦੀ ਵਾਪਸੀ ਲਈ ਲਿਖਤੀ ਚਿੱਠੀ ਰਾਹੀਂ ਜਾਂ ਸਕੂਲ ਨੂੰ ਰਜ਼ਾਮੰਦੀ ਵਾਪਸੀ ਲਈ ਫੋਨ ਕਰਕੇ, ਰਜ਼ਾਮੰਦੀ ਕਿਸੇ ਵਕਤ ਵੀ ਵਾਪਸ ਲਈ ਜਾ ਸਕਦੀ ਹੈ।

## ਸ: ਕੀ ਇਕ ਵਿਦਿਆਰਥਨ ਨੂੰ ਇਹ ਟੀਕਾ ਦਿੱਤਾ ਜਾਣਾ ਚਾਹੀਦਾ ਹੈ ਜੋ ਗਰਭਵਤੀ ਹੈ ਜਾਂ ਉਹ ਸੋਚਦੀ ਹੈ ਕੇ ਉਹ ਗਰਭਵਤੀ ਹੋ ਸਕਦੀ ਹੈ ?

ਨਹੀਂ। ਕੋਈ ਵੀ ਵਿਦਿਆਰਥਨ ਜੋ ਗਰਭਵਤੀ ਹੈ ਜਾਂ ਉਹ ਸੋਚਦੀ ਹੈ ਕੇ ਉਹ ਗਰਭਵਤੀ ਹੋ ਸਕਦੀ ਹੈ ਨੂੰ ਇਹ ਟੀਕਾ ਨਹੀਂ ਲਗਾਇਆ ਜਾਵੇਗਾ। ਦਵਾਖਾਨੇ ਦੇ ਦਿਨ ਟੀਕਾਕਰਨ ਦੇਣ ਵਾਲੀ ਨਰਸ ਵਿਦਿਆਰਥਣਾਂ ਤੋਂ ਉਹਨਾਂ ਦੇ ਗਰਭਵਤੀ ਹੋਣ ਜਾਂ ਗਰਭਵਤੀ ਹੋ ਸਕਣ ਵਾਰੇ ਪੁੱਛ-ਪੜਤਾਲ ਕਰੇਗੀ। ਜੇਕਰ ਵਿਦਿਆਰਥੀ ਇਸ ਸਵਾਲ ਦਾ ਜਵਾਬ ਹਾਂ ਵਿਚ ਦਿੰਦੀ ਹੈ, ਤੱਦ ਉਸਨੂੰ ਟੀਕਾਕਰਨ ਨਹੀਂ ਲਗਾਇਆ ਜਾਵੇਗਾ। ਵਿਦਿਆਰਥੀ ਨੂੰ ਛੇਤੀ ਤੋਂ ਛੇਤੀ ਆਪਣੇ ਮਾਪਿਆਂ / ਰੱਖਿਅਕ ਨਾਲ ਇਸ ਵਿਸ਼ੇ ਤੇ ਮਸ਼ਵਰਾ ਕਰਨ ਅਤੇ ਡਾਕਟਰੀ ਸਹਾਇਤਾ ਪ੍ਰਾਪਤ ਕਰਨ ਲਈ ਸਲਾਹ ਦਿੱਤੀ ਜਾਵੇਗੀ। ਉਸਨੂੰ ਇਕ ਸਿਹਤ ਫ਼ਰਮਾਇਸ਼ ਸੇਵਾ ਦੇ ਸੰਪਰਕ ਲਈ ਵੇਰਵਾ ਵੀ ਦਿੱਤਾ ਜਾਵੇਗਾ ਜੋ ਉਸਨੂੰ ਸਲਾਹ, ਮਦਦ ਅਤੇ ਅਗਵਾਈ ਦੇਵੇਗਾ।

## ਸ: ਜੇ ਮੇਰਾ ਬੱਚਾ ਬੀਮਾਰ ਹੋਵੇ ਜਾਂ ਨਰਸਾਂ ਦੇ ਸਕੂਲ ਆਉਣ ਵਾਲੇ ਦਿਨ ਸਕੂਲ ਤੋਂ ਗ਼ੈਰਹਾਜਰੀ ਕਾਰਨ ਟੀਕਾ ਨਾ ਲੈ ਸਕੇ ਤਾਂ ਮੈਂ ਕੀ ਕਰਾਂ ?

ਤੁਹਾਨੂੰ ਆਪਣੇ ਸਥਾਨਕ ਡਾਕਟਰ ਨਾਲ ਸੰਪਰਕ ਕਰਕੇ ਆਪਣੇ ਬੱਚੇ ਨੂੰ ਟੀਕਾ ਲਗਾਉਣ ਦਾ ਪ੍ਰਬੰਧ ਕਰਨਾ ਪਵੇਗਾ।

## ਮੈਂ ਟੀਕਾਕਰਨ ਦੇ ਰਿਕਾਰਡ ਤੱਕ ਕਿਵੇਂ ਪਹੁੰਚ ਕਰ ਸਕਦਾ/ਸਕਦੀ ਹਾਂ?

ਤੁਹਾਡੇ ਬੱਚੇ ਦੇ ਟੀਕਾਕਰਨ ਬਾਰੇ ਜਾਣਕਾਰੀ ਆਸਟ੍ਰੇਲੀਅਨ ਇਮਯੂਨਾਈਜ਼ੇਸ਼ਨ ਰਜਿਸਟਰ (ਏ ਆਈ ਆਰ) ਵਿੱਚ ਅੱਪਲੋਡ ਕੀਤੀ ਜਾਵੇਗੀ ਤਾਂ ਜੋ ਇਸਨੂੰ ਤੁਹਾਡੇ ਬੱਚੇ ਦੇ ਮੌਜੂਦਾ ਟੀਕਾਕਰਨ ਬਿਓਰੇ ਨਾਲ ਜੋੜਿਆ ਜਾ ਸਕੇ।

ਮਾਪੇ ਆਪਣੇ ਬੱਚੇ ਦੀ 14 ਸਾਲ ਦੀ ਉਮਰ ਤੱਕ, ਕਿਸੇ ਵੀ ਸਮੇਂ ਆਪਣੇ ਬੱਚੇ ਦੇ ਏ ਆਈ ਆਰ ਇਮਯੂਨਾਈਜ਼ੇਸ਼ਨ ਹਿਸਟਰੀ ਸਟੇਟਮੈਂਟ ਦੀ ਕਾਪੀ ਲਈ ਬੇਨਤੀ ਕਰ ਸਕਦੇ ਹਨ, ਅਤੇ 14 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਦਿਆਰਥੀ ਆਪਣੇ ਖੁਦ ਦੇ ਟੀਕਾਕਰਨ ਹਿਸਟਰੀ ਸਟੇਟਮੈਂਟ ਲਈ ਹੇਠ ਦਿਤੇ ਅਨੁਸਾਰ ਬੇਨਤੀ ਕਰ ਸਕਦੇ ਹਨ:

- ਮੈਡੀਕੇਅਰ ਔਨਲਾਈਨ ਖਾਤੇ ਦੀ myGov my.gov.au/ ਰਾਹੀਂ ਵਰਤੋਂ ਕਰਕੇ
- ਮੈਡੀਕੇਅਰ ਐਕਸਪ੍ਰੈਸ ਪਲੱਸ ਐਪ ਦੀ ਵਰਤੋਂ ਕਰਦੇ ਹੋਏ www.humanservices.gov.au/individuals/subjects/express-plus-mobile-apps
- ਏ ਆਈ ਆਰ ਦੀ ਆਮ ਪੁੱਛਗਿੱਛ ਵਾਲੀ ਲਾਈਨ ਨੂੰ 1800 653 809 'ਤੇ ਫ਼ੋਨ ਕਰਕੇ।

## ਸ: ਮੇਰੇ ਬੱਚੇ ਦੀ ਜਾਣਕਾਰੀ ਨਾਲ ਕੀ ਹੋਵੇਗਾ ?

ਤੁਹਾਡੇ ਵਲੋਂ ਰਜ਼ਾਮੰਦੀ ਫ਼ਾਰਮ ਉਪਰ ਦਿੱਤੀ ਜਾਣਕਾਰੀ ਨੂੰ ਐਨ ਐਸ ਡਬਲਯੂ ਅਤੇ ਕਾਮਨਵੈਲਥ ਕਾਨੂੰਨ ਵਿੱਚ ਸਖਤ ਗੁਪਤ ਸੁਰੱਖਿਆਵਾਂ (ਨੱਥੀ ਕੀਤਾ ਗੋਪਨੀਯਤਾ ਬਾਰੇ ਬਿਆਨ ਦੇਖੋ) ਅਤੇ ਸਖਤੀ ਨਾਲ ਛਿਪਾ ਕੇ ਰੱਖਣ ਦੇ ਪ੍ਰਾਧੀਨ ਹੈ। ਜਾਣਕਾਰੀ ਨੂੰ ਐਨ ਐਸ ਡਬਲਯੂ ਹੈਲਥ ਟੀਕਾਕਰਣ ਰਜਿਸਟਰ ਵਿਚ ਦਾਖਲ ਕੀਤਾ ਜਾਵੇਗਾ ਅਤੇ ਫਿਰ ਆਸਟਰੇਲੀਆਈ ਟੀਕਾਕਰਨ ਰਜਿਸਟਰ (ਏ ਆਈ ਆਰ) ਉੱਤੇ ਅਪਲੋਡ ਕਰ ਦਿੱਤਾ ਜਾਵੇਗਾ ਤਾਂ ਜੋ ਇਸਨੂੰ ਤੁਹਾਡੇ ਬੱਚੇ ਦੇ ਮੌਜੂਦਾ ਟੀਕਾਕਰਨ ਦੇ ਰਿਕਾਰਡ ਨਾਲ ਜੋੜਿਆ ਜਾ ਸਕੇ ਤੇ MyGov ਤੇ ਦੇਖਿਆ ਜਾ ਸਕੇ।

## ਮੈਂ ਸਕੂਲੀ ਟੀਕਾਕਰਨ ਬਾਰੇ ਵਧੇਰੇ ਜਾਣਕਾਰੀ ਕਿੱਥੋਂ ਲੈ ਸਕਦਾ/ਸਕਦੀ ਹਾਂ ?

ਜ਼ਿਆਦਾ ਜਾਣਕਾਰੀ ਉਪਲੱਬਧ ਹੈ:

- ਐਨ ਐਸ ਡਬਲਯੂ ਹੈਲਥ ਦੀ ਵੈਬਸਾਈਟ www.health.nsw.gov.au/schoolvaccination 'ਤੇ ਜਾ ਕੇ
- ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਨਾਲ 1300 066 055 'ਤੇ ਸੰਪਰਕ ਕਰਕੇ

September 2022 © NSW Ministry of Health. SHPN (HP NSW) 220728-1-18

Punjabi

# ਡਿਫ਼ਥੀਰੀਆ, ਟੈਟਨਸ ਅਤੇ ਪਰਟੂਸਿਸ (ਕਾਲੀ ਖੰਘ) (ਡੀ ਟੀ ਪੀ ਏ) ਦੇ ਟੀਕਾਕਰਣ ਲਈ ਰਜ਼ਾਮੰਦੀ

NSW GOVERNMENT

ਮਾਪੇ ਜਾਂ ਰੱਖਵਾਲਾ ਪੂਰਾ ਕਰਨ। ਕਿਰਪਾ ਕਰਕੇ **ਕਾਲੀ** ਜਾਂ **ਨੀਲੀ** ਕਲਮ ਨਾਲ **ਵੱਡੇ** ਅੱਖਰਾਂ ਵਿੱਚ ਲਿਖੋ।

## 1. ਵਿਦਿਆਰਥੀ ਦਾ ਵੇਰਵਾ

ਗੋਤ

ਨਾਮ

ਜਨਮ ਮਿੱਤੀ ☐☐ / ☐☐ / 2 0 ☐☐

ਲਿੰਗ (ਮਰਦ/ਔਰਤ) ☐ ਮ ☐ ਅ ☐ ਅਨਿਸ਼ਚਿਤ/ ਅੰਤਰਲਿੰਗੀ/ ਅਣ-ਨਿਰਧਾਰਤ

ਕਲਾਸ

ਸਕੂਲ ਦਾ ਨਾਮ

ਮੈਡੀਕੇਅਰ ਨੰਬਰ

☐ ਆਪਣੇ ਬੱਚੇ ਦੇ ਨਾਮ ਨਾਲ ਉਸਦੇ ਮੈਡੀਕੇਅਰ ਕਾਰਡ ਦਾ ਨੰਬਰ ਵੀ ਲਿਖੋ

## 2. ਆਦਿਵਾਸੀ ਦਰਜਾ

☐ ਨਹੀਂ ☐ ਹਾਂ, ਐਬਉਰੀਜ਼ਨਲ ☐ ਹਾਂ, ਟੌਰਿਸ ਸਟਰੇਟ ਆਈਲੈਂਡਰ ☐ ਹਾਂ, ਦੋਵੇਂ ਐਬਉਰੀਜ਼ਨਲ ਅਤੇ ਟੌਰਿਸ ਸਟਟ ਆਈਲੈਂਡਰ

## 3. ਤੁਹਾਡਾ ਵੇਰਵਾ – ਮਾਪੇ ਜਾਂ ਕਾਨੂੰਨਨ ਰੱਖਵਾਲਾ

ਮੈਂ ਡਿਫ਼ਥੀਰੀਆ, ਟੈਟਨਸ ਅਤੇ ਪਰਟੂਸ਼ਿਸ (ਕਾਲੀ ਖੰਘ) (ਡੀ ਟੀ ਪੀ ਏ) ਦੇ ਟੀਕੇ ਦੇ ਤੱਤਾਂ ਦੇ ਫ਼ਾਇਦੇ ਅਤੇ ਸੰਭਵ ਨੁਕਸਾਨਾਂ ਬਾਬਤ ਦਿੱਤੀ ਜਾਣਕਾਰੀ ਪੜ੍ਹੀ ਅਤੇ ਸਮਝ ਲਈ ਹੈ।

ਮੈ ਇੱਥੇ ਆਪਣੇ, ਉਪਰ ਦਿੱਤੇ ਨਾਮ ਵਾਲੇ, ਬੱਚੇ ਨੂੰ ਡਿਫ਼ਥੀਰੀਆ, ਟੈਟਨਸ ਅਤੇ ਪਰਟੂਸਿਸ (ਕਾਲੀ ਖੰਘ)(ਡੀ ਟੀ ਪੀ ਏ) ਦੇ ਟੀਕਾ ਤੱਤਾਂ ਦੀ ਇੱਕ ਖ਼ੁਰਾਕ ਲੈਣ ਲਈ ਰਜ਼ਾਮੰਦੀ ਦਿੰਦਾ ਹਾਂ।

ਮੈਂ ਆਪਣੀ ਪੂਰੀ ਜਾਣਕਾਰੀ ਮੁਤਾਬਿਕ ਘੋਸ਼ਿਤ ਕਰਦਾ/ਕਰਦੀ ਹਾਂ, ਕਿ ਮੇਰੇ ਬੱਚੇ ਨੂੰ:

1. ਕਿੱਸੇ ਵੀ ਟੀਕੇ ਦੀ ਐਨਾਫ਼ਾਈਲੈਕਟਿਕ ਅਨੁਕ੍ਰਿਆ ਕਦੇ ਨਹੀਂ ਹੋਈ।
2. ਟੀਕੇ ਦੇ ਕਿੱਸੇ ਵੀ ਤੱਤ ਜੋ ਕਿ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਜਾਣਕਾਰੀ ਵਾਲੀ ਪੱਤ੍ਰੀ ਵਿੱਚ ਸੂਚੀਬੱਧ ਹਨ, ਤੋਂ ਐਨਾਫ਼ਾਈਲੈਕਟਿਕ ਸੰਵੇਦਨਸ਼ੀਲਤਾ ਨਹੀਂ ਹੈ।
3. ਗਰਭਵਤੀ ਨਹੀਂ ਹੈ।

ਮਾਪੇ ਜਾਂ ਰੱਖਵਾਲੇ ਦਾ ਨਾਮ (ਜਿਵੇਂ ਕਿ,JOHN SMITH)

ਘਰ ਦਾ ਪਤਾ (ਜਿਵੇਂ ਕਿ, 5 SMITH LANE)

ਸਬਰਬ

ਪੋਸਟਕੋਡ ਨੰਬਰ

ਮੋਬਾਇਲ ਨੰਬਰ

ਉੱਤਮ ਵਿਕਲਪੀ ਜਾਂ ਦੂਸਰਾ ਨੰਬਰ (ਏਰੀਆ ਕੋਡ ਸਮੇਤ ਜਿਵੇਂ ਕਿ, 02)

ਮਾਪੇ/ਰੱਖਵਾਲੇ ਦੇ ਦਸਤਖ਼ਤ

✕

ਤਿੱਥੀ ☐☐ / ☐☐ / 2 0 ☐☐

ਸਿਰਫ ਉਦਾਹਰਣ
ਕਿਰਪਾ ਕਰਕੇ ਅੰਗਰੇਜ਼ੀ ਭਾਸ਼ਾ
ਰਜ਼ਾਮੰਦੀ ਫ਼ਾਰਮ ਭਰੋ।

NSW GOVERNMENT

220728-2-18

## ਡੀ ਟੀ ਪੀ ਏ ਦੇ ਟੀਕੇ ਦਾ ਉਲੇਖ

✍ ਮਾਪੇ ਜਾਂ ਰੱਖਵਾਲਾ ਪੂਰਾ ਕਰਨ

**ਵਿਦਿਆਰਥੀ ਦਾ ਨਾਮ** (ਜਿਵੇਂ ਕਿ, JANE SMITH)

ਸ਼ਿਰਫ਼ ਦਫ਼ਤਰ ਦੀ ਵਰਤੋਂ ਲਈ

**ਬਾਂਹ** ☐ ਖੱਬੀ ☐ ਸੱਜੀ

ਟੀਕਾ ਲਗਾਉਣ ਦਾ ਸਮਾਂ (24 ਘੰਟੇ) __ __ : __ __

ਟੀਕੇ ਦਾ ਘਾਣ (ਬੈਚ) ਨੰਬਰ

ਨਰਸ (ਦਾਈ) ਦੇ ਦਸਤਖਤ ✕

ਤਿੱਥੀ __ __ / __ __ 2 0 __ __

**ਨਰਸ ਦੀਆਂ ਟਿੱਪਣੀਆਂ**

ਟੀਕਾ ਨਾ ਲੱਗਣ ਦੇ ਕਾਰਨ

- ☐ ਗ਼ੈਰਹਾਜ਼ਰ
- ☐ ਮਨ੍ਹਾ ਕੀਤਾ ਗਿਆ/d
- ☐ ਠੀਕ ਨਹੀਂ
- ☐ ਦਸਤਖਤ ਨਹੀਂ
- ☐ ਰਜ਼ਾਮੰਦੀ ਵਾਪਸ ਲੈ ਲਈ
- ☐ ਹੋਰ

## **ਮਾਪੇ / ਰੱਖਿਅਕ**

## ਡਿਫ਼ਥੀਰੀਆ, ਟੈਟਨੱਸ ਅਤੇ ਪਰਟੂਸਿ਼ਸ (ਡੀ ਟੀ ਪੀ ਏ) ਦੇ ਟੀਕੇ ਦਾ ਉਲੇਖ

### ਡੀ ਟੀ ਪੀ ਏ ਦੇ ਟੀਕੇ ਦਾ ਉਲੇਖ

✍ ਮਾਪੇ ਜਾਂ ਰੱਖਵਾਲਾ ਪੂਰਾ ਕਰਨ

**ਵਿਦਿਆਰਥੀ ਦਾ ਨਾਮ** (ਜਿਵੇਂ ਕਿ, JANE SMITH)

ਸ਼ਿਰਫ਼ ਦਫ਼ਤਰ ਦੀ ਵਰਤੋਂ ਲਈ

**ਬਾਂਹ** ☐ ਖੱਬੀ ☐ ਸੱਜੀ

ਟੀਕਾ ਲਗਾਉਣ ਦਾ ਸਮਾਂ (24 ਘੰਟੇ) __ __ : __ __

ਟੀਕੇ ਦਾ ਘਾਣ (ਬੈਚ) ਨੰਬਰ

ਨਰਸ (ਦਾਈ) ਦੇ ਦਸਤਖਤ ✕

ਤਿੱਥੀ __ __ / __ __ 2 0 __ __

### ਟੀਕਾ ਲਗਵਾਉਣ ਤੋਂ ਬਾਅਦ ਕੀ ਕਰਨਾ ਹੈ

- ਇਸ ਰਿਕਾਰਡ ਨੂੰ ਰੱਖੋ, ਕਿਉਂਕਿ ਤੁਹਾਨੂੰ ਇਹ ਜਾਣਕਾਰੀ ਬਾਅਦ ਵਿੱਚ ਮੁਹੱਈਆ ਕਰਾਨੀ ਪੈ ਸਕਦੀ ਹੈ।
- ਤੁਹਾਡੇ ਬੱਚੇ ਦੇ ਟੀਕਿਆਂ ਬਾਰੇ ਜਾਣਕਾਰੀ ਆਪਣੇ ਆਪ ਆਸਟ੍ਰੇਲੀਅਨ ਇਮਯੂਨਾਈਜ਼ੇਸ਼ਨ ਰਜਿਸਟਰ (ਏ ਆਈ ਆਰ) 'ਤੇ ਅੱਪਲੋਡ ਕੀਤੀ ਜਾਵੇਗੀ। ਤੁਸੀਂ ਆਪਣੇ ਜੀ.ਪੀ ਨੂੰ ਟੀਕਾਕਰਨ ਦੀ ਮਿਤੀ ਬਾਰੇ ਅੱਪਡੇਟ ਕਰਨਾ ਪਸੰਦ ਕਰ ਸਕਦੇ ਹੋ।

### ਜੇਕਰ ਟੀਕੇ ਵਾਲੀ ਥਾਂ 'ਤੇ ਸਥਾਨਕ ਪ੍ਰਤੀਕਿਰਿਆ ਹੁੰਦੀ ਹੈ ਤਾਂ ਕੀ ਕਰਨਾ ਹੈ?

- ਦਰਦ ਤੋਂ ਅਰਾਮ ਲਈ ਟੀਕੇ ਦੀ ਜਗਾ ਉਤੇ ਇੱਕ ਠੰਡਾ ਗਿੱਲਾ ਕੱਪੜਾ ਰਖੋ।
- ਦਰਦ ਲਈ ਪੈਰਾਸੈਟਾਮੋਲ ਲਉ।
- ਵਾਧੂ ਤਰਲ ਪਦਾਰਥ ਪੀਓ।

**ਜੇਕਰ ਤੁਸੀਂ ਆਪਣੇ ਬੱਚੇ ਦੀ ਅਨੁਕਿਰਿਆ ਭੋਗਣ ਬਾਬਤ ਚਿੰਤਤ ਹੋ ਤਾਂ ਆਪਣੇ ਨਿੱਜੀ ਡਾਕਟਰ ਨਾਲ ਸੰਪਰਕ ਕਰੋ।**

NSW GOVERNMENT

ਸਿਰਫ਼ ਉਦਾਹਰਣ ਕਿਰਪਾ ਕਰਕੇ ਅੰਗਰੇਜ਼ੀ ਭਾਸ਼ਾ ਵਾਲਾ ਰਜ਼ਾਮੰਦੀ ਫਾਰਮ ਪੂਰਾ ਕਰੋ।

# ਵੇਰੀਸੈਲਾ (ਚਿਕੰਨਪੌਕਸ) ਦਾ ਟੀਕਾਕਰਨ

Varicella (chickenpox) vaccine

ਐਨ ਐਸ ਡਬਲਯੂ ਹੈਲਥ ਰੋਗਾਂ ਵਿਰੁੱਧ ਸਰੀਰਕ ਸੁਰੱਖਿਆ ਪ੍ਰਦਾਨ ਕਰਨ ਵਾਲੇ ਟੀਕਿਆਂ, ਜ਼ਿਹਨਾਂ ਦੀ ਸਿਫ਼ਾਰਸ਼ ਨੈਸ਼ਨਲ ਹੈਲਥ ਅਤੇ ਮੈਡੀਕਲ ਰਿਸਰਚ ਕੌਂਸਲ ਸਕੂਲ ਟੀਕਾਕਰਨ ਪ੍ਰੋਗਰਾਮ ਵਿੱਚ ਨੌਜਵਾਨਾਂ ਲਈ ਕੀਤੀ ਗਈ ਹੈ, ਦੀ ਪੇਸ਼ਕਸ ਕਰਦਾ ਹੈ। ਟੀਕੇ ਲਈ ਮਾਪਿਆਂ / ਰੱਖਵਾਲੇ ਦੀ ਦਸਤਖ਼ਤ ਸਹਿਤ ਰਜ਼ਾਮੰਦੀ ਜਰੂਰੀ ਹੈ।

## ਤੁਹਾਡੇ ਅਗਲੇਰੇ ਕਦਮ

- ਇਸ ਜਾਣਕਾਰੀ ਵਾਲੇ ਪੱਤਰੇ ਨੂੰ ਧਿਆਨ ਨਾਲ ਪੜ੍ਹੋ।
- ਜੇਕਰ ਤੁਸੀਂ ਆਪਣੇ ਬੱਚੇ ਨੂੰ ਵੇਰੀਸੈਲਾ ਦਾ ਟੀਕਾਕਰਨ ਕਰਵਾਉਣਾ ਚਾਹੁੰਦੇ ਹੋ, ਤਾਂ ਰਜ਼ਾਮੰਦੀ ਫ਼ਾਰਮ ਭਰੋ ਅਤੇ ਦਸਤਖਤ ਕੀਤਾ ਹੋਇਆ ਫਾਰਮ ਬੱਚੇ ਨੂੰ ਸਕੂਲ ਵਿਚ ਵਾਪਸ ਕਰਨ ਲਈ ਦੇ ਦਵੋ।
- ਜੇਕਰ ਤੁਸੀਂ ਆਪਣੇ ਬੱਚੇ ਨੂੰ ਵੇਰੀਸੈਲਾ ਦਾ ਟੀਕਾਕਰਨ **ਨਹੀਂ** ਲੱਗਵਾਉਣਾ ਚਾਹੁੰਦੇ, ਤਾਂ ਰਜ਼ਾਮੰਦੀ ਫ਼ਾਰਮ ਨੂੰ **ਨਾਂ** ਭਰੋ ਅਤੇ ਨਾਂ ਹੀ ਵਾਪਸ ਕਰੋ।

## ਸ: ਵੇਰੀਸੈਲਾ (ਚਿਕੰਨਪੌਕਸ) ਕੀ ਹੈ ?

ਚਿਕੰਨਪੌਕਸ ਇੱਕ ਸਪੱਰਸ਼ ਜਾਂ ਛੋਹ ਨਾਲ ਹੋਣ ਵਾਲੀ ਬਹੁਤ ਹੀ ਛੂਤ ਵਾਲਾ ਰੋਗ਼ ਹੈ ਜਿਸਨੂੰ ਵੇਰੀਸੈਲਾ-ਜ਼ੋਸਟਰ ਵਿਸ਼ਾਣੂ (ਵਾਇਰੱਸ) ਕਰਦੇ ਹਨ।ਸਿਹਤਮੰਦ ਬੱਚਿਆਂ ਵਿੱਚ ਇਹ ਛੋਟੇ ਸਮੇਂ ਲਈ ਹੋਣ ਵਾਲਾ ਅਕਸਰ ਇੱਕ ਨਰਮ ਜਿਹਾ ਰੋਗ਼ ਹੈ ਜਿਸਦੀਆਂ ਇਲਾਮਤਾਂ ਹਨ ਜਿਵੇਂ ਕਿ ਮਾਮੂਲੀ ਬੁਖ਼ਾਰ, ਨੱਕ ਦਾ ਵੱਗਣਾ, ਅਕਸਰ ਠੀਕ ਨਾ ਹੋਣਾ ਮਹਿਸੂਸ ਕਰਨਾ ਅਤੇ ਇੱਕ ਚਮੜੀ ਦੇ ਧੱਫੜ ਜਾਂ ਛਪਾਕੀ ਜੋ ਛਾਲਿਆਂ ਵਿੱਚ ਬਦਲ ਜਾਂਦੇ ਹਨ। ਫ਼ਿਰ ਵੀ ਇਹ ਰੋਗ਼ ਬਾਲਗਾਂ ਵਿੱਚ ਜ਼ਿਆਦਾ ਕਠੋਰ ਹੁੰਦਾ ਹੈ ਅਤੇ ਉਹਨਾਂ ਵਿਅਕਤੀਆਂ ਵਿੱਚ ਗੰਭੀਰ ਅਤੇ ਘਾਤਕ ਬੀਮਾਰੀ ਕਰ ਸਕਦਾ ਹੈ ਜਿਹਨਾਂ ਦੀ ਰੋਗਾਂ ਤੋਂ ਸੁਰੱਖਿਆ ਲਈ ਸਰੀਰਕ ਸ਼ਕਤੀ ਵਿੱਚ ਗਿਰਾਵੱਟ ਆ ਚੁੱਕੀ ਹੁੰਦੀ ਹੈ। 4,000 ਮਾਮਲਿਆਂ ਵਿਚੋਂ ਇਕ ਨੂੰ ਅਚਾਨਕ ਮਾਸਪੇਸ਼ੀਆਂ ਦਾ ਚਲਣਾ ਬੰਦ ਹੋਣ ਦਾ (ਗੰਭੀਰ ਸੇਰੀਏਬਲਰ ਐਟੈਕਸਿਆ) ਅਨੁਭਵ ਹੋਵੇਗਾ ਜਦੋਂ ਕਿ 100,000 ਵਿਚੋਂ ਇਕ ਦਿਮਾਗ ਦੀ ਸੋਜਸ਼ (ਐਨਸੇਫਲਾਈਟਿਸ) ਦਾ ਵਿਕਾਸ ਕਰੇਗਾ। ਗਰਭਕਾਲ ਦੌਰਾਨ ਛੂਤ ਲੱਗਣ ਨਾਲ ਬੱਚੇ ਵਿੱਚ ਜਮਾਂਦਰੂ ਵਿਲੱਖਣ ਅਸਾਧਰਣਤਾਵਾਂ ਬਣ ਸਕਦੀਆਂ ਹਨ, ਜਿੰਨ੍ਹਾਂ ਵਿੱਚ ਚਮੜੀ ਉਪਰ ਦਾਗ ਅਤੇ ਅੰਗਾਂ ਦੇ ਦੋਸ਼ ਸ਼ਾਮਲ ਹਨ।

## ਸ: ਚਿਕੰਨਪੌਕਸ ਕਿਵੇਂ ਫੈਲਦੀ ਹੈ ?

ਬੀਮਾਰ ਹੋਣ ਦੇ ਸ਼ੁਰੂ ਵਿੱਚ, ਵਿਸ਼ਾਣੂ (ਵਾਇਰੱਸ) ਖਾਂਸੀ ਰਾਹੀਂ ਫੈਲਦੇ ਹਨ। ਬੀਮਾਰ ਹੋਣ ਦੇ ਬਾਅਦ ਵਿੱਚ, ਵਿਸ਼ਾਣੂ ਛਾਲਿਆਂ ਵਿੱਚਲੇ ਤਰਲ ਨਾਲ ਸਿੱਧੀ ਸਪੱਰਸ਼ ਦੁਆਰਾ ਫੈਲਦੀ ਹੈ। ਉਹ ਲੋਕ ਇਸ ਦੀ ਛੂ ਨਾਲ ਜ਼ਿਆਦਾ ਲਾਗਤ ਹੁੰਦੇ ਹਨ ਜਿਹਨਾਂ ਨੂੰ ਚਿਕੰਨਪੌਕਸ ਕਦੇ ਨਹੀਂ ਹੋਇਆ ਜਾਂ ਜਿਹਨਾਂ ਨੇ ਰੋਗ਼ ਵਿਰੋਧੀ ਸਰੀਰਕ ਸੁਰੱਖਿਆ ਦਾ ਟੀਕਾ ਨਾ ਲੱਗਵਾਇਆ ਹੋਵੇ। ਧੱਫੜ ਦਿੱਸਣ (ਜਦੋਂ, ਨੱਕ ਵੱਗਣ ਦੀ ਹਾਲਤ ਦੋਰਾਨ) ਤੋਂ ਇੱਕ ਜਾਂ ਦੋ ਦਿਨ ਪਹਿਲਾਂ ਅਤੇ ਪੰਜ ਦਿਨਾਂ ਤੱਕ ਦੇ ਬਾਅਦ (ਜਦੋਂ ਛਾਲਿਆਂ ਦੀ ਪੇਪੜੀ ਜਾਂ ਖਰੀਂਢ ਬਣ ਜਾਣ) ਲੋਕ ਰੋਗ਼ੀ ਹੋ ਚੁੱਕੇ ਹੁੰਦੇ ਹਨ।

## ਸ: ਟੀਕੇ ਕਿਵੇਂ ਕੰਮ ਕਰਦੇ ਹਨ ?

ਟੀਕੇ ਸਰੀਰ ਦੀ ਸੁਰੱਖਿਆ ਪ੍ਰਨਾਲੀ ਨੂੰ ਕੁਝ ਲਾਗਾਂ ਦੇ ਟਾਕਰੇ ਲਈ ਸਰਗਰਮ ਕਰਦੇ ਹਨ। ਜੇ ਇਕ ਟੀਕਾਕਰਨ ਕੀਤਾ ਵਿਅਕਤੀ ਇਹਨਾਂ ਲਾਗਾਂ ਦੇ ਸੰਪਰਕ ਵਿਚ ਆਉਂਦਾ ਹੈ, ਤਾਂ, ਉਹਨਾਂ ਦੀ ਸਰੀਰਕ ਸੁਰੱਖਿਆ ਪ੍ਰਨਾਲੀ, ਬਿਮਾਰੀ ਨੂੰ ਰੋਕਣ ਜਾਂ ਇਸਦੀ ਤੀਬਰਤਾ ਨੂੰ ਘੱਟ ਕਰਨ ਲਈ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇ ਸਕਦੀ ਹੈ।

## ਸ: ਟੀਕਾ ਕਿੰਨਾਂ ਅਸਰਕਾਰੀ ਹੈ ?

ਚਿਕਨ ਪੌਕਸ (ਛੋਟੀ ਮਾਤਾ) ਟੀਕਾਕਰਣ ਦੀ ਇੱਕ ਖ਼ੁਰਾਕ ਚਿਕਨ ਪੌਕਸ ਨੂੰ ਰੋਕਣ ਲਈ 80 ਤੋਂ 85% ਅਸਰਦਾਰ ਹੈ ਅਤੇ ਗੰਭੀਰ ਬਿਮਾਰੀ ਦੇ ਵਿਰੁੱਧ ਬਹੁਤ ਪ੍ਰਭਾਵਸ਼ਾਲੀ ਹੈ।

## ਸ: ਟੀਕਾਕਰਣ ਕਿਸ ਨੂੰ ਲਗਵਾਉਣਾ ਚਾਹੀਦਾ ਹੈ ?

14 ਸਾਲ ਤੱਕ ਦੇ ਵਿਦਿਆਰਥੀਆਂ ਨੂੰ ਚਿਕਨ ਪੌਕਸ (ਛੋਟੀ ਮਾਤਾ) ਤੋਂ ਬਚਾਉ ਵਾਲੇ ਟੀਕੇ ਦੇ ਤੱਤਾਂ ਦੀ ਇੱਕ ਖ਼ੁਰਾਕ ਲੈਣੀ ਚਾਹੀਦੀ ਹੈ ਜੇਕਰ ਇਨ੍ਹਾਂ ਪਹਿਲਾਂ ਰੋਗ਼ ਵਿਰੋਧੀ ਸਰੀਰਕ ਸੁਰੱਖਿਆ ਟੀਕਾ (ਆਮ ਤੋਰ ਤੇ 18 ਮਹੀਨਿਆਂ ਦੀ ਉਮਰ ਤੇ) ਨਾ ਲਗਵਾਇਆ ਹੋਵੇ ਜਾਂ ਇਨ੍ਹਾਂ ਨੂੰ ਚਿਕਨ ਪੌਕਸ ਬਿਮਾਰੀ ਹੋਈ ਹੋਵੇ। 14 ਸਾਲ ਦੇ ਜਾਂ ਇਸ ਤੋਂ ਵੱਧ ਉਮਰ ਦੇ ਵਿਦਿਆਰਥੀਆਂ ਨੂੰ ਆਪਣੇ ਡਾਕਟਰ ਵਲੋਂ ਘੱਟੋ-ਘੱਟ 1-2 ਮਹੀਨਿਆਂ ਦੇ ਫਰਕ ਵਿਚ ਚਿਕਨ ਪੌਕਸ (ਛੋਟੀ ਮਾਤਾ) ਤੋਂ ਬਚਾਉ ਵਾਲੇ ਟੀਕੇ ਦੇ ਤੱਤਾਂ ਦੀ ਦੋ ਖ਼ੁਰਾਕਾਂ ਲੈਣੀਆ ਚਾਹੀਦੀਆਂ ਹਨ।

## ਸ: ਇਹ ਟੀਕਾਕਰਨ ਕਿਸਨੂੰ ਨਹੀਂ ਲਾਇਆ ਜਾਣਾ ਚਾਹੀਦਾ ?

ਚਿਕਨ ਪੌਕਸ (ਛੋਟੀ ਮਾਤਾ) ਦਾ ਟੀਕਾਕਰਨ ਉਹਨਾਂ ਵਿਅਕਤੀਆਂ ਨੂੰ ਨਹੀਂ ਦੇਣਾ ਚਾਹੀਦਾ ਜੋ:

- ਜਿਹਨਾਂ ਨੂੰ ਪਹਿਲਾਂ ਟੀਕਾਕਰਨ ਦੀ ਪਹਿਲੀ ਖ਼ੁਰਾਕ ਲੈਣ ਨਾਲ ਐਨਾਫ਼ਾਈਲੈਕਸਿਸ ਹੋਇਆ ਸੀ
- ਜਿਹਨਾਂ ਨੂੰ ਟੀਕਾਕਰਨ ਦੇ ਕਿਸੇ ਵੀ ਭਾਗ ਲੈਣ ਬਾਅਦ ਐਨਾਫ਼ਾਈਲੈਕਸਿਸ ਹੋਇਆ ਸੀ (ਅਗਲੇ ਸਫ਼ੇ ਤੇ ਦਿੱਤੇ ਗਏ ਹਨ)
- ਜਿਹੜੇ ਗਰਭਵਤੀ ਹਨ (ਸੁਰੱਖਿਆ ਟੀਕਾ ਲੱਗਣ ਤੋਂ 28 ਦਿਨ ਬਾਅਦ ਤੱਕ ਗਰਭਵਤੀ ਨਹੀਂ ਹੋਣਾ ਚਾਹੀਦਾ)
- ਜਿਹਨਾਂ ਨੂੰ ਪਿਛਲੇ 12 ਮਹੀਨਿਆਂ ਦੇ ਵਿੱਚ ਦੂਸਰੇ ਵਿਅਕਤੀ ਦਾ ਖ਼ੂਨ ਚੜਵਾਇਆ ਹੋਵੇ/ ਇਮਿਊਨੋਗਲੋਬੁਲਿਨ (ਮਿਮੁਨੋਗਲੋਬੁਲਨਿ) ਦਾ ਟੀਕਾ ਲਗਵਾਇਆ ਹੋਵੇ
- ਪਿਛਲੇ 4 ਹਫ਼ਤਿਆਂ ਵਿੱਚ ਇੱਕ ਲਾਈਵ (ਜਿਉਂਦੇ ਤੱਤਾਂ ਦਾ ਟੀਕਾ )ਵੈਕਸੀਨ ਲਈ ਹੋਵੇ {ਜਿਵੇਂ ਕਿ, ਐਮ ਐਮ ਆਰ (ਖ਼ਸਰਾ, ਕੰਨਪੇੜੇ ਅਤੇ ਛੋਟੀ ਸੀਤਲਾ), ਬੀ ਸੀ ਜੀ (ਤਪਦਿੱਕ ਭਾਵ ਟੀ ਬੀ) ਜਾਂ ਪੀਲਾ ਬੁਖ਼ਾਰ}
- ਜਿਹਨਾਂ ਦੀ ਸਰੀਰਕ ਸੁਰੱਖਿਆ ਦੀ ਰੋਗ਼ ਵਿਰੋਧੀ ਸ਼ਕਤੀ ਵਿੱਚ ਕਮੀ ਹੋ ਗਈ ਹੋਵੇ, ਜਿਸ ਤਰਾਂ:
  i. ਜਿਹਨਾਂ ਨੂੰ ਐਚ ਆਈ ਵੀ / ਏ ਆਈ ਡੀ ਐਸ ਭਾਵ ਏਡਜ (HIV/AIDS) ਹੋਇਆ ਹੋਵੇ;
  ii. ਵਿਅਕਤੀ ਜਿਹੜੇ ਇਮਯੂਨੋਸੁਪਰੈਸਿਵ ਇਲਾਜ ਦੀ ਅਧਿੱਕ-ਖ਼ੁਰਾਕ ਦਾ ਇਲਾਜ ਲੈਂਦੇ ਹੋਣ, ਜ਼ਿਵੇਂ ਕਿ, ਸਾਧਾਰਨ ਤਪਸ਼ / ਰੇਡੀਏਸ਼ਨ ਜਾਂ ਐਕਸ-ਰੇ ਦੀ ਤਪਸ਼ / ਰੇਡੀਏਸ਼ਨ ਜਾਂ ਖਾਣ ਵਾਲੀ ਕੌਰਟੀਕੋਸਟੀਰੋਇਡਜ਼;
  iii. ਜੋ ਇਮਯੁਨੋਕਮਪਰੋਮਾਈਜ ਪ੍ਰਨਾਲੀ ਦੇ ਧਰੋਹੀ ਹਾਲਾਤਾਂ ਤੋਂ ਦੁੱਖ ਭੋਗਦੇ ਹੋਣ, ਸਣੇ ਲਿਮਫ਼ੋਮਾ, ਲਿੱਊਯਕੇਮੀਆ (ਖ਼ੂਨ ਦਾ ਕੈਂਸਰ) ਜਾਂ ਰੋਗ਼ ਦੀ ਆਮ ਪਰਚੰਡਤਾ।

## ਸ: ਐਨਾਫ਼ਾਈਲੈਅਕਸਸ ਕੀ ਹੈ ?

ਐਨਾਫਾਈਲੈਕਸਿਸ ਇੱਕ ਗੰਭੀਰ ਲਰਜੀ ਵਾਲੀ ਪ੍ਰਤਿਕ੍ਰਿਆ ਹੈ ਜਿਸਦੇ ਨਤੀਜੇ ਵਜੋਂ ਬੇਹੋਸ਼ੀ ਅਤੇ ਮੌਤ ਹੋ ਸਕਦੀ ਹੈ ਜੇ ਉਸ ਦਾ ਫ਼ੌਰਨ ਇਲਾਜ ਨਹੀਂ ਕੀਤਾ ਜਾਂਦਾ। **ਇਹ ਕਿਸੇ ਵੀ ਟੀਕਾਕਰਨ ਲੱਗਣ ਕਾਰਨ *ਬਹੁਤ ਹੀ ਘੱਟ* ਹੁੰਦੀ ਹੈ।** ਸਕੂਲ ਵਿੱਚ ਟੀਕਾਕਰਨ ਕਰਨ ਵਾਲੀਆਂ ਨਰਸਾਂ ਐਨਾਫ਼ਾਈਲੈਅਕਸਸ ਦੇ ਇਲਾਜ ਲਈ ਪੂਰਨ ਸਿਖਲਾਈ ਪ੍ਰਾਪਤ ਹੁੰਦੀਆਂ ਹਨ।

## ਸ: ਜੇ ਮੇਰੇ ਕੋਲ ਕੋਈ ਰਿਕਾਰਡ ਨਹੀਂ ਹੈ ਜਾਂ ਮੈਨੂੰ ਯਾਦ ਨਹੀ ਹੈ ਕਿ ਮੇਰੇ ਬੱਚੇ ਨੂੰ ਪਹਿਲਾਂ ਚਿਕਨ ਪੋਕਸ ਹੋਇਆ ਹੈ ਜਾਂ ਟੀਕਾਕਰਣ ਮਿਲਿਆ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ ?

ਬੱਚੇ ਅਤੇ ਬਾਲਗਾਂ ਨੂੰ ਸੁਰੱਖਿਅਤ ਤੌਰ ਤੇ ਚਿਕੰਨ ਪੌਕਸ (ਛੋਟੀ ਮਾਤਾ) ਦਾ ਟੀਕਾਕਰਨ ਲਾਇਆ ਜਾ ਸਕਦਾ ਹੈ ਜੇਕਰ ਇੱਥੇ ਚਿਕਨ ਪੌਕਸ ਦਾ ਇਤਿਹਾਸ ਭਰੋਸੇ ਮੰਦ ਨਹੀਂ ਹੈ, ਜਾਂ ਇੱਥੇ ਚਿਕਨ ਪੌਕਸ (ਛੋਟੀ ਮਾਤਾ) ਤੋਂ ਸੁਰੱਖਿਆ ਵਾਲੇ ਤੱਤਾਂ ਦਾ ਟੀਕਾ ਪਹਿਲਾਂ ਲੱਗ ਚੁੱਕਣ ਦਾ ਸਬੂਤ ਨਹੀਂ ਹੈ।

## ਸ: ਚਿਕਨ ਪੌਕਸ (ਛੋਟੀ ਮਾਤਾ) ਟੀਕਾਕਰਨ ਵਿੱਚ ਕਿਹੜੇ ਵਾਧੂ ਪਦਾਰਥ ਹਨ ?

ਟੀਕਾਕਰਨ ਵਿੱਚ ਸੁਕਰੋਜ਼, ਹਾਈਡਰੋਲਾਈਜ਼ਡ ਪੋਰਸਿਨ ਜੈਲਾਟਿਨ, ਯੂਰੀਆ, ਮੋਨੋਸੋਡੀਅਮ ਗਲੂਟਾਮੇਟ, ਐਮ ਆਰ ਸੀ-5 ਸੈਲਾਂ ਦੇ ਰਹਿੰਦੇ-ਖੂੰਦੇ ਹਿੱਸੇ, ਨਿਓਮਾਈਸਨ ਅਤੇ ਗੋਕਾ ਵੀਰਜ ਦੀ ਥੋੜ੍ਹੀ ਮਾਤਰਾ ਵਿਚ ਹੁੰਦੇ ਹਨ। ਵਾਧੂ ਪਦਾਰਥ ਬਹੁਤ ਥੋੜ੍ਹੀ ਮਾਤਰਾਵਾਂ ਵਿੱਚ ਸ਼ਾਮਲ ਕੀਤੇ ਜਾਂਦੇ ਹਨ ਤਾਂ ਜੋ ਉਹ ਟੀਕਾਕਰਨ ਦੇ ਕੰਮ ਵਿੱਚ ਮਦਦ ਕਰਨ ਜਾਂ ਇੱਕ ਰੱਖਿਅਕ ਵਾਂਗ ਕਿਰਿਆ ਕਰਨ। ਟੀਕਾ ਬਣਾਉਂਦੇ ਸਮੇਂ ਇਹ ਗੋਕੇ ਲਹੂ ਦੇ ਪ੍ਰੋਟੀਨ ਨਾਲ ਬਣੀ ਸਮੱਗਰੀ ਦੇ ਸੰਪਰਕ ਵਿੱਚ ਆਇਆ ਸੀ।

## ਸ: ਟੀਕੇ ਕਿੰਨੇ ਕੁ ਸੁੱਰਖਿਅਤ ਹਨ ?

ਆਸਟਰੇਲੀਆ ਵਿੱਚ ਵਰਤੇ ਜਾਣ ਵਾਲੇ ਟੀਕੇ ਸੁਰੱਖਿਅਤ ਹਨ ਅਤੇ ਥੇਰਾਪਿਊਟਕ ਗੁਡਜ਼ ਐਡਮਿਨਿਸਟਰੇਸ਼ਨ (ਟੀ ਜੀ ਏ) ਵਲੋਂ ਪ੍ਰਵਾਨਤ ਹੋਣ ਤੋਂ ਪਹਿਲਾਂ ਸਖ਼ਤ ਸੁਰੱਖਿਆ ਪਰਖ ਨੂੰ ਪਾਸ ਕਰਨਾ ਜ਼ਰੂਰੀ ਹੈ। ਇਸ ਤੋਂ ਇਲਾਵਾ, ਟੀ ਜੀ ਏ ਵਰਤੋਂ ਵਿੱਚ ਆਉਣ ਤੇ ਟੀਕਿਆਂ ਦੀ ਸੁਰੱਖਿਆ ਲਈ ਨਿਗਰਾਨੀ ਰੱਖਦੀ ਹੈ।

## ਸ: ਚਿਕਨ ਪੌਕਸ (ਛੋਟੀ ਮਾਤਾ) ਟੀਕਾਕਰਣ ਦੇ ਦੁਰ ਪ੍ਰਭਾਵ ਕੀ ਹਨ ?

ਇਸਦੇ ਦੁਰ ਪ੍ਰਭਾਵ ਅਕਸਰ ਹਲਕੇ ਹੁੰਦੇ ਹਨ ਅਤੇ ਸਧਾਰਨ ਤੌਰ ਤੇ ਟੀਕਾ ਲੱਗਣ ਵਾਲੀ ਜਗਾ ਦਾ ਲਾਲ ਹੋਣਾਂ,ਦਰਦ, ਸੋਜ਼ਸ ਅਤੇ ਬੁਖਾਰ ਵਰਗੇ ਹੁੰਦੇ ਹਨ। ਗੰਭੀਰ ਮੰਦੇ ਅਸਰ ਬਹੁਤ ਹੀ ਘੱਟ ਹੁੰਦੇ ਹਨ। www.health.nsw.gov.au/schoolvaccination ਤੋਂ ਉਪਲਬਧ ਟੀਕਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵਧੇਰੇ ਜਾਣਕਾਰੀ ਉਪਭੋਗਤਾ ਦਵਾਈਆਂ ਦੀ ਜਾਣਕਾਰੀ (ਸੀ.ਐੱਮ.ਆਈ.) ਉਪਰ ਉਪਲਬਧ ਹੈ। ਟੀਕਾਕਰਣ ਤੋਂ ਬਾਅਦ ਦੇ ਮਾੜੇ ਪ੍ਰਭਾਵਾਂ ਤੋਂ ਫਿਕਰਮੰਦ ਮਾਪਿਆਂ ਨੂੰ ਆਪਣੇ ਜੀ.ਪੀ. ਨਾਲ ਸੰਪਰਕ ਕਰਨਾ ਚਾਹੀਦਾ ਹੈ, ਜਿਸਨੂੰ ਸਥਾਨਕ ਜਨਤਕ ਸਿਹਤ ਇਕਾਈ ਨੂੰ ਵੀ ਰਿਪੋਰਟ ਕਰਨੀ ਚਾਹੀਦੀ ਹੈ।

## ਸ: ਕੀ ਇਕ ਵਿਦਿਆਰਥਨ ਨੂੰ ਇਹ ਟੀਕਾ ਦਿੱਤਾ ਜਾਣਾ ਚਾਹੀਦਾ ਹੈ ਜੋ ਗਰਭਵਤੀ ਹੈ ਜਾਂ ਉਹ ਸੋਚਦੀ ਹੈ ਕੇ ਉਹ ਗਰਭਵਤੀ ਹੋ ਸਕਦੀ ਹੈ ?

ਨਹੀਂ। ਕੋਈ ਵੀ ਵਿਦਿਆਰਥਨ ਜੋ ਗਰਭਵਤੀ ਹੈ ਜਾਂ ਉਹ ਸੋਚਦੀ ਹੈ ਕੇ ਉਹ ਗਰਭਵਤੀ ਹੋ ਸਕਦੀ ਹੈ ਨੂੰ ਇਹ ਟੀਕਾ ਨਹੀਂ ਲਗਾਇਆ ਜਾਵੇਗਾ। ਦਵਾਖਾਨੇ ਦੇ ਦਿਨ ਟੀਕਾਕਰਨ ਦੇਣ ਵਾਲੀ ਨਰਸ ਵਿਦਿਆਰਥਣਾਂ ਤੋਂ ਉਹਨਾਂ ਦੇ ਗਰਭਵਤੀ ਹੋਣ ਜਾਂ ਗਰਭਵਤੀ ਹੋ ਸਕਣ ਵਾਰੇ ਪੁੱਛ-ਪੜਤਾਲ ਕਰੇਗੀ। ਜੇਕਰ ਵਿਦਿਆਰਥੀ ਇਸ ਸਵਾਲ ਦਾ ਜਵਾਬ ਹਾਂ ਵਿਚ ਦਿੰਦੀ ਹੈ, ਤੱਦ ਉਸਨੂੰ ਟੀਕਾਕਰਨ ਨਹੀਂ ਲਗਾਇਆ ਜਾਵੇਗਾ। ਵਿਦਿਆਰਥੀ ਨੂੰ ਛੇਤੀ ਤੋਂ ਛੇਤੀ ਆਪਣੇ ਮਾਪਿਆਂ / ਰੱਖਿਅਕ ਨਾਲ ਇਸ ਵਿਸ਼ੇ ਤੇ ਮਸ਼ਵਰਾ ਕਰਨ ਅਤੇ ਡਾਕਟਰੀ ਸਹਾਇਤਾ ਪ੍ਰਾਪਤ ਕਰਨ ਲਈ ਸਲਾਹ ਦਿੱਤੀ ਜਾਵੇਗੀ। ਉਸਨੂੰ ਇਕ ਸਿਹਤ ਫ਼ਰਮਾਇਸ਼ ਸੇਵਾ ਦੇ ਸੰਪਰਕ ਲਈ ਵੇਰਵਾ ਵੀ ਦਿੱਤਾ ਜਾਵੇਗਾ ਜੋ ਉਸਨੂੰ ਸਲਾਹ, ਮਦਦ ਅਤੇ ਅਗਵਾਈ ਦੇਵੇਗਾ।

**ਵਿਦਿਆਰਥਣਾਂ ਜਿਹਨਾਂ ਨੇ ਚਿਕਨ ਪੌਕਸ (ਛੋਟੀ ਮਾਤਾ) ਦਾ ਟੀਕਾ ਲਗਵਾਇਆ ਹੈ ਨੂੰ ਇਹ ਟੀਕਾ ਲੱਗਣ ਤੋਂ 28 ਦਿਨ ਬਾਅਦ ਤੱਕ ਗਰਭਵਤੀ ਨਹੀਂ ਹੋਣਾ ਚਾਹੀਦਾ।**

## ਸ: ਜੇਕਰ ਮੇਰੇ ਬੱਚੇ ਨੂੰ ਦਮਾ ਹੈ ਅਤੇ ਉਹ ਕੋਰਟੀਸੋਨ ਜਾਂ ਪਰੈਡਨੀਸੋਨ ਇੱਕ ਪਫਰ ਰਾਹੀਂ ਲੈਂਦਾ ਹੈ ਤਾਂ ਕੀ ਹੋਵੇਗਾ ?

ਚਿਕਨ ਪੌਕਸ (ਛੋਟੀ ਮਾਤਾ) ਦਾ ਟੀਕਾਕਰਨ ਕਿਸੇ ਵੀ ਵਿਅਕਤੀ ਜਿਸਨੂੰ ਦਮਾ ਹੋਵੇ ਸੁਰੱਖਿਅਤ ਤੌਰ ਤੇ ਦਿੱਤਾ ਜਾ ਸਕਦਾ ਹੈ ਭਾਵੇਂ ਕਿ ਉਹ ਕਿਹੜੀਆਂ ਵੀ ਦਵਾਈਆਂ ਲੈ ਰਹੇ ਹੋਣ।

## ਸ: ਕੀ ਮੈਂ ਰਜ਼ਾਮੰਦੀ ਵਾਪਸ ਲੈ ਸਕਦਾ ਹਾਂ ?

ਸਕੂਲ ਨੂੰ ਰਜ਼ਾਮੰਦੀ ਵਾਪਸੀ ਲਈ ਲਿਖਤੀ ਚਿੱਠੀ ਰਾਹੀਂ ਜਾਂ ਸਕੂਲ ਨੂੰ ਰਜ਼ਾਮੰਦੀ ਵਾਪਸੀ ਲਈ ਫੋਨ ਕਰਕੇ, ਰਜ਼ਾਮੰਦੀ ਕਿਸੇ ਵਕਤ ਵੀ ਵਾਪਸ ਲਈ ਜਾ ਸਕਦੀ ਹੈ।

## ਸ: ਜੇ ਮੇਰਾ ਬੱਚਾ ਬੀਮਾਰ ਹੋਵੇ ਜਾਂ ਨਰਸਾਂ ਦੇ ਸਕੂਲ ਆਉਣ ਵਾਲੇ ਦਿਨ ਸਕੂਲ ਤੋਂ ਗ਼ੈਰਹਾਜਰੀ ਕਾਰਨ ਟੀਕਾ ਨਾ ਲੈ ਸਕੇ ਤਾਂ ਮੈਂ ਕੀ ਕਰਾਂ ?

ਤੁਹਾਨੂੰ ਆਪਣੇ ਸਥਾਨਕ ਡਾਕਟਰ ਨਾਲ ਸੰਪਰਕ ਕਰਕੇ ਆਪਣੇ ਬੱਚੇ ਨੂੰ ਟੀਕਾ ਲਗਾਉਣ ਦਾ ਪ੍ਰਬੰਧ ਕਰਨਾ ਪਵੇਗਾ।

## ਮੈਂ ਟੀਕਾਕਰਨ ਦੇ ਰਿਕਾਰਡ ਤੱਕ ਕਿਵੇਂ ਪਹੁੰਚ ਕਰ ਸਕਦਾ/ਸਕਦੀ ਹਾਂ?

ਤੁਹਾਡੇ ਬੱਚੇ ਦੇ ਟੀਕਾਕਰਨ ਬਾਰੇ ਜਾਣਕਾਰੀ ਆਸਟ੍ਰੇਲੀਅਨ ਇਮਯੂਨਾਈਜ਼ੇਸ਼ਨ ਰਜਿਸਟਰ (ਏ ਆਈ ਆਰ) ਵਿੱਚ ਅੱਪਲੋਡ ਕੀਤੀ ਜਾਵੇਗੀ ਤਾਂ ਜੋ ਇਸਨੂੰ ਤੁਹਾਡੇ ਬੱਚੇ ਦੇ ਮੌਜੂਦਾ ਟੀਕਾਕਰਨ ਬਿਓਰੇ ਨਾਲ ਜੋੜਿਆ ਜਾ ਸਕੇ।

ਮਾਪੇ ਆਪਣੇ ਬੱਚੇ ਦੀ 14 ਸਾਲ ਦੀ ਉਮਰ ਤੱਕ, ਕਿਸੇ ਵੀ ਸਮੇਂ ਆਪਣੇ ਬੱਚੇ ਦੇ ਏ ਆਈ ਆਰ ਇਮਯੂਨਾਈਜ਼ੇਸ਼ਨ ਹਿਸਟਰੀ ਸਟੇਟਮੈਂਟ ਦੀ ਕਾਪੀ ਲਈ ਬੇਨਤੀ ਕਰ ਸਕਦੇ ਹਨ, ਅਤੇ 14 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਦਿਆਰਥੀ ਆਪਣੇ ਖੁਦ ਦੇ ਟੀਕਾਕਰਨ ਹਿਸਟਰੀ ਸਟੇਟਮੈਂਟ ਲਈ ਹੇਠ ਦਿਤੇ ਅਨੁਸਾਰ ਬੇਨਤੀ ਕਰ ਸਕਦੇ ਹਨ:

- ਮੈਡੀਕੇਅਰ ਔਨਲਾਈਨ ਖਾਤੇ ਦੀ myGov my.gov.au/ ਰਾਹੀਂ ਵਰਤੋਂ ਕਰਕੇ
- ਮੈਡੀਕੇਅਰ ਐਕਸਪ੍ਰੈਸ ਪਲੱਸ ਐਪ ਦੀ ਵਰਤੋਂ ਕਰਦੇ ਹੋਏ www.humanservices.gov.au/individuals/subjects/express-plus-mobile-apps
- ਏ ਆਈ ਆਰ ਦੀ ਆਮ ਪੁੱਛਗਿੱਛ ਵਾਲੀ ਲਾਈਨ ਨੂੰ 1800 653 809 'ਤੇ ਫ਼ੋਨ ਕਰਕੇ।

## ਸ: ਮੇਰੇ ਬੱਚੇ ਦੀ ਜਾਣਕਾਰੀ ਨਾਲ ਕੀ ਹੋਵੇਗਾ ?

ਤੁਹਾਡੇ ਵਲੋਂ ਰਜ਼ਾਮੰਦੀ ਫ਼ਾਰਮ ਉਪਰ ਦਿੱਤੀ ਜਾਣਕਾਰੀ ਨੂੰ ਐਨ ਐਸ ਡਬਲਯੂ ਅਤੇ ਕਾਮਨਵੈਲਥ ਕਾਨੂੰਨ ਵਿੱਚ ਸਖਤ ਗੁਪਤ ਸੁਰੱਖਿਆਵਾਂ (ਨੱਥੀ ਕੀਤਾ ਗੋਪਨੀਯਤਾ ਬਾਰੇ ਬਿਆਨ ਦੇਖੋ) ਅਤੇ ਸਖਤੀ ਨਾਲ ਛਿਪਾ ਕੇ ਰੱਖਣ ਦੇ ਪ੍ਰਾਧੀਨ ਹੈ। ਜਾਣਕਾਰੀ ਨੂੰ ਐਨ ਐਸ ਡਬਲਯੂ ਹੈਲਥ ਟੀਕਾਕਰਣ ਰਜਿਸਟਰ ਵਿਚ ਦਾਖਲ ਕੀਤਾ ਜਾਵੇਗਾ ਅਤੇ ਫਿਰ ਆਸਟਰੇਲੀਆਈ ਟੀਕਾਕਰਨ ਰਜਿਸਟਰ (ਏ ਆਈ ਆਰ) ਉੱਤੇ ਅਪਲੋਡ ਕਰ ਦਿੱਤਾ ਜਾਵੇਗਾ ਤਾਂ ਜੋ ਇਸਨੂੰ ਤੁਹਾਡੇ ਬੱਚੇ ਦੇ ਮੌਜੂਦਾ ਟੀਕਾਕਰਨ ਦੇ ਰਿਕਾਰਡ ਨਾਲ ਜੋੜਿਆ ਜਾ ਸਕੇ ਤੇ MyGov ਤੇ ਦੇਖਿਆ ਜਾ ਸਕੇ।

## ਮੈਂ ਸਕੂਲੀ ਟੀਕਾਕਰਨ ਬਾਰੇ ਵਧੇਰੇ ਜਾਣਕਾਰੀ ਕਿੱਥੋਂ ਲੈ ਸਕਦਾ/ਸਕਦੀ ਹਾਂ ?

ਜ਼ਿਆਦਾ ਜਾਣਕਾਰੀ ਉਪਲੱਬਧ ਹੈ:

- ਐਨ ਐਸ ਡਬਲਯੂ ਹੈਲਥ ਦੀ ਵੈਬਸਾਈਟ www.health.nsw.gov.au/schoolvaccination 'ਤੇ ਜਾ ਕੇ
- ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਨਾਲ 1300 066 055 'ਤੇ ਸੰਪਰਕ ਕਰਕੇ

Punjabi

# ਵੇਰੀਸੈਲਾ (ਛੋਟੀ ਮਾਤਾ ਜਾਂ ਚੀਕਿੰਨਪੌਕਸ) ਦੇ ਟੀਕਾਕਰਣ ਲਈ ਰਜ਼ਾਮੰਦੀ

ਮਾਪੇ ਜਾਂ ਰੱਖਵਾਲਾ ਪੂਰਾ ਕਰਨ। ਕਿਰਪਾ ਕਰਕੇ **ਕਾਲੀ** ਜਾਂ **ਨੀਲੀ** ਕਲਮ ਨਾਲ **ਵੱਡੇ** ਅੱਖਰਾਂ ਵਿੱਚ ਲਿਖੋ।

## 1. ਵਿਦਿਆਰਥੀ ਦਾ ਵੇਰਵਾ

ਗੋਤ

ਨਾਮ

ਜਨਮ ਮਿੱਤੀ / / 2 0

ਲਿੰਗ (ਮਰਦ/ਔਰਤ) ਮ ਅ ਅਨਿਸ਼ਚਿਤ/ਅੰਤਰਲਿੰਗੀ/ਅਣ-ਨਿਰਧਾਰਤ

ਕਲਾਸ

ਸਕੂਲ ਦਾ ਨਾਮ

ਮੈਡੀਕੇਅਰ ਨੰਬਰ

ਆਪਣੇ ਬੱਚੇ ਦੇ ਨਾਮ ਨਾਲ ਉਸਦੇ ਮੈਡੀਕੇਅਰ ਕਾਰਡ ਦਾ ਨੰਬਰ ਵੀ ਲਿਖੋ

## 2. ਆਦਿਵਾਸੀ ਦਰਜਾ

ਨਹੀਂ ਹਾਂ, ਐਬਉਰੀਜ਼ਨਲ ਹਾਂ, ਟੌਰਿਸ ਸਟਰੇਟ ਆਈਲੈਂਡਰ ਹਾਂ, ਦੋਵੇਂ ਐਬਉਰੀਜ਼ਨਲ ਅਤੇ ਟੌਰਿਸ ਸਟੇਟ ਆਈਲੈਂਡਰ

## 3. ਤੁਹਾਡਾ ਵੇਰਵਾ – ਮਾਪੇ ਜਾਂ ਕਾਨੂੰਨਨ ਰੱਖਵਾਲਾ

ਮੈਂ ਵੇਰੀਸੈਲਾ (ਚਿਕੰਨਪੌਕਸ) ਟੀਕੇ ਦੇ ਤੱਤਾਂ ਦੇ ਫ਼ਾਇਦੇ ਅਤੇ ਸੰਭਵ ਨੁਕਸਾਨਾਂ ਬਾਬਤ ਦਿੱਤੀ ਜਾਣਕਾਰੀ ਪੜ੍ਹੀ ਅਤੇ ਸਮਝ ਲਈ ਹੈ।

ਮੈ ਇੱਥੇ ਆਪਣੇ, ਉਪਰ ਦਿੱਤੇ ਨਾਮ ਵਾਲੇ, ਬੱਚੇ ਨੂੰ ਵੇਰੀਸੈਲਾ ਦੇ ਟੀਕੇ ਦੇ ਤੱਤ ਦੀ ਇੱਕ ਖੁਰਾਕ ਲੈਣ ਲਈ ਰਜ਼ਾਮੰਦੀ ਦਿੰਦਾ ਹਾਂ।

ਮੈਂ ਆਪਣੀ ਪੂਰੀ ਜਾਣਕਾਰੀ ਮੁਤਾਬਿਕ ਘੋਸ਼ਿਤ ਕਰਦਾ/ਕਰਦੀ ਹਾਂ, ਕਿ ਮੇਰੇ ਬੱਚੇ ਨੂੰ:

1. ਕਿੱਸੇ ਵੀ ਟੀਕੇ ਦੀ ਐਨਾਫ਼ਾਈਲੈਕਟਿਕ ਅਨੁਕ੍ਰਿਆ ਕਦੇ ਨਹੀਂ ਹੋਈ।
2. ਟੀਕੇ ਦੇ ਕਿੱਸੇ ਵੀ ਤੱਤ ਜੋ ਕਿ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਜਾਣਕਾਰੀ ਵਾਲੀ ਪੱਤ੍ਰੀ ਵਿੱਚ ਸੂਚੀਬੱਧ ਹਨ, ਤੋਂ ਐਨਾਫ਼ਾਈਲੈਕਟਿਕ ਸੰਵੇਦਨਸ਼ੀਲਤਾ ਨਹੀਂ ਹੈ।
3. ਗਰਭਵਤੀ ਨਹੀਂ ਹੈ।

ਮਾਪੇ ਜਾਂ ਰੱਖਵਾਲੇ ਦਾ ਨਾਮ (ਜਿਵੇਂ ਕਿ, JOHN SMITH)

ਘਰ ਦਾ ਪਤਾ 0(ਜਿਵੇਂ ਕਿ, 5 SMITH LANE)

ਸਬਰਬ ਪੋਸਟਕੋਡ ਨੰਬਰ

ਮੋਬਾਇਲ ਨੰਬਰ

ਉੱਤਮ ਵਕਿਲਪੀ ਜਾਂ ਦੂਸਰਾ ਨੰਬਰ (ਏਰੀਆ ਕੋਡ ਸਮੇਤ ਜਿਵੇਂ ਕਿ, 02)

ਮਾਪੇ/ਰੱਖਵਾਲੇ ਦੇ ਦਸਤਖ਼ਤ

✕

ਤਿੱਥੀ / / 2 0

ਸਿਰਫ ਉਦਾਹਰਣ
ਕਿਰਪਾ ਕਰਕੇ ਅੰਗਰੇਜ਼ੀ ਭਾਸ਼ਾ ਰਜ਼ਾਮੰਦੀ ਫ਼ਾਰਮ ਪੂਰਾ ਕਰੋ।

220733-2-18

NSW GOVERNMENT

## ਵੇਰੀਸੈਲਾ (ਚਿਕੰਨਪੌਕਸ) ਦੇ ਟੀਕੇ ਦਾ ਉਲੇਖ

✍ ਮਾਪੇ ਜਾਂ ਰੱਖਵਾਲਾ ਪੂਰਾ ਕਰਨ

**ਵਿਦਿਆਰਥੀ ਦਾ ਨਾਮ** (ਜਿਵੇਂ ਕਿ, JANE SMITH)

ਸ਼ਿਰਫ਼ ਦਫ਼ਤਰ ਦੀ ਵਰਤੋਂ ਲਈ

**ਬਾਂਹ** ☐ ਖੱਬੀ ☐ ਸੱਜੀ

ਟੀਕਾ ਲਗਾਉਣ ਦਾ ਸਮਾਂ (24 ਘੰਟੇ) __ __ : __ __

ਟੀਕੇ ਦਾ ਘਾਣ (ਬੈਚ) ਨੰਬਰ

ਨਰਸ (ਦਾਈ) ਦੇ ਦਸਤਖਤ ×

ਤਿੱਥੀ __ __ / __ __ / 2 0 __ __

**ਨਰਸ ਦੀਆਂ ਟਿੱਪਣੀਆਂ**

ਟੀਕਾ ਨਾ ਲੱਗਣ ਦੇ ਕਾਰਨ

- ☐ ਗ਼ੈਰਹਾਜ਼ਰ
- ☐ ਮਨ੍ਹਾ ਕੀਤਾ ਗਿਆ
- ☐ ਠੀਕ ਨਹੀਂ
- ☐ ਦਸਤਖਤ ਨਹੀਂ
- ☐ ਰਜ਼ਾਮੰਦੀ ਵਾਪਸ ਲੈ ਲਈ
- ☐ ਹੋਰ

## **ਮਾਪੇ / ਰੱਖਿਅਕ** ਵੇਰੀਸੈਲਾ (ਚਿਕੰਨਪੌਕਸ) ਦੇ ਟੀਕੇ ਦਾ ਉਲੇਖ

### ਵੇਰੀਸੈਲਾ (ਚਿਕੰਨਪੌਕਸ) ਦੇ ਟੀਕੇ ਦਾ ਉਲੇਖ

✍ ਮਾਪੇ ਜਾਂ ਰੱਖਵਾਲਾ ਪੂਰਾ ਕਰਨ

**ਵਿਦਿਆਰਥੀ ਦਾ ਨਾਮ** (ਜਿਵੇਂ ਕਿ, JANE SMITH)

ਸ਼ਿਰਫ਼ ਦਫ਼ਤਰ ਦੀ ਵਰਤੋਂ ਲਈ

**ਬਾਂਹ** ☐ ਖੱਬੀ ☐ ਸੱਜੀ

ਟੀਕਾ ਲਗਾਉਣ ਦਾ ਸਮਾਂ (24 ਘੰਟੇ) __ __ : __ __

ਟੀਕੇ ਦਾ ਘਾਣ (ਬੈਚ) ਨੰਬਰ

ਨਰਸ (ਦਾਈ) ਦੇ ਦਸਤਖਤ ×

ਤਿੱਥੀ __ __ / __ __ / 2 0 __ __

### ਟੀਕਾ ਲਗਵਾਉਣ ਤੋਂ ਬਾਅਦ ਕੀ ਕਰਨਾ ਹੈ

- ਇਸ ਰਿਕਾਰਡ ਨੂੰ ਰੱਖੋ, ਕਿਉਂਕਿ ਤੁਹਾਨੂੰ ਇਹ ਜਾਣਕਾਰੀ ਬਾਅਦ ਵਿੱਚ ਮੁਹੱਈਆ ਕਰਾਨੀ ਪੈ ਸਕਦੀ ਹੈ।
- ਤੁਹਾਡੇ ਬੱਚੇ ਦੇ ਟੀਕਿਆਂ ਬਾਰੇ ਜਾਣਕਾਰੀ ਆਪਣੇ ਆਪ ਆਸਟ੍ਰੇਲੀਅਨ ਇਮਯੂਨਾਈਜ਼ੇਸ਼ਨ ਰਜਿਸਟਰ (ਏ ਆਈ ਆਰ) 'ਤੇ ਅੱਪਲੋਡ ਕੀਤੀ ਜਾਵੇਗੀ। ਤੁਸੀਂ ਆਪਣੇ ਜੀ.ਪੀ ਨੂੰ ਟੀਕਾਕਰਨ ਦੀ ਮਿਤੀ ਬਾਰੇ ਅੱਪਡੇਟ ਕਰਨਾ ਪਸੰਦ ਕਰ ਸਕਦੇ ਹੋ।

### ਜੇਕਰ ਟੀਕੇ ਵਾਲੀ ਥਾਂ 'ਤੇ ਸਥਾਨਕ ਪ੍ਰਤੀਕਿਰਿਆ ਹੁੰਦੀ ਹੈ ਤਾਂ ਕੀ ਕਰਨਾ ਹੈ?

- ਦਰਦ ਤੋਂ ਅਰਾਮ ਲਈ ਟੀਕੇ ਦੀ ਜਗਾ ਉਤੇ ਇੱਕ ਠੰਡਾ ਗਿੱਲਾ ਕੱਪੜਾ ਰਖੋ।
- ਦਰਦ ਲਈ ਪੈਰਾਸੈਟਾਮੋਲ ਲਉ।
- ਵਾਧੂ ਤਰਲ ਪਦਾਰਥ ਪੀਓ।

**ਜੇਕਰ ਤੁਸੀਂ ਆਪਣੇ ਬੱਚੇ ਦੀ ਅਨੁਕਿਰਿਆ ਭੋਗਣ ਬਾਬਤ ਚਿੰਤਤ ਹੋ ਤਾਂ ਆਪਣੇ ਨਿੱਜੀ ਡਾਕਟਰ ਨਾਲ ਸੰਪਰਕ ਕਰੋ।**

NSW GOVERNMENT

ਸਿਰਫ਼ ਉਦਾਹਰਣ
ਕਿਰਪਾ ਕਰਕੇ ਅੰਗਰੇਜ਼ੀ ਭਾਸ਼ੀ ਰਜ਼ਾਮੰਦੀ ਫ਼ਾਰਮ ਭਰੋ।

# ਹੈਪੇਟਾਈਟਿਸ ਬੀ ਟੀਕਾਕਰਨ

Hepatitis B vaccine

ਐਨ ਐਸ ਡਬਲਯੂ ਹੈਲਥ ਰੋਗਾਂ ਵਿਰੁੱਧ ਸਰੀਰਕ ਸੁਰੱਖਿਆ ਪ੍ਰਦਾਨ ਕਰਨ ਵਾਲੇ ਟੀਕਿਆਂ, ਜ਼ਿਹਨਾਂ ਦੀ ਸਿਫ਼ਾਰਸ਼ ਨੈਸ਼ਨਲ ਹੈਲਥ ਅਤੇ ਮੈਡੀਕਲ ਰਿਸਰਚ ਕੌਂਸਲ ਸਕੂਲ ਟੀਕਾਕਰਨ ਪ੍ਰੋਗਰਾਮ ਵਿੱਚ ਨੌਜਵਾਨਾਂ ਲਈ ਕੀਤੀ ਗਈ ਹੈ, ਦੀ ਪੇਸ਼ਕਸ ਕਰਦਾ ਹੈ। ਟੀਕੇ ਲਈ ਮਾਪਿਆਂ / ਰੱਖਵਾਲੇ ਦੀ ਦਸਤਖ਼ਤ ਸਹਿਤ ਰਜ਼ਾਮੰਦੀ ਜਰੂਰੀ ਹੈ।

## ਤੁਹਾਡੇ ਅਗਲੇਰੇ ਕਦਮ

- ਇਸ ਜਾਣਕਾਰੀ ਵਾਲੇ ਪੱਤਰੇ ਨੂੰ ਧਿਆਨ ਨਾਲ ਪੜ੍ਹੋ।
- ਜੇਕਰ ਤੁਸੀਂ ਆਪਣੇ ਬੱਚੇ ਨੂੰ ਹੈਪੇਟਾਈਟਿਸ ਬੀ ਦਾ ਟੀਕਾਕਰਨ ਕਰਵਾਉਣਾ ਚਾਹੁੰਦੇ ਹੋ, ਤਾਂ ਰਜ਼ਾਮੰਦੀ ਫ਼ਾਰਮ ਭਰੋ ਅਤੇ ਦਸਤਖਤ ਕੀਤਾ ਹੋਇਆ ਫਾਰਮ ਬੱਚੇ ਨੂੰ ਸਕੂਲ ਵਿਚ ਵਾਪਸ ਕਰਨ ਲਈ ਦੇ ਦਵੋ।
- ਜੇਕਰ ਤੁਸੀਂ ਆਪਣੇ ਬੱਚੇ ਨੂੰ ਹੈਪੇਟਾਈਟਿਸ ਬੀ ਦਾ ਟੀਕਾਕਰਨ **ਨਹੀਂ** ਲੱਗਵਾਉਣਾ ਚਾਹੁੰਦੇ, ਤਾਂ ਰਜ਼ਾਮੰਦੀ ਫ਼ਾਰਮ ਨੂੰ **ਨਾਂ** ਭਰੋ ਅਤੇ ਨਾਂ ਹੀ ਵਾਪਸ ਕਰੋ।

## ਸ: ਹੈਪੇਟਾਈਟਿਸ ਬੀ ਰੋਗ਼ ਕੀ ਹੈ ?

ਹੈਪੇਟਾਈਟਿਸ ਬੀ ਵਾਇਰਸ ਰੋਗ਼ ਹੈ ਜਿਹੜਾ ਬੁਖ਼ਾਰ, ਪੀਲੀਆ ਅਤੇ ਆਮ ਤੌਰ ਤੇ ਢਿੱਲਾ ਰਹਿਣਾ ਵਰਗੇ ਲੱਛਨ ਕਰਦਾ ਹੈ ਅਤੇ ਜਿੱਗਰ ਦੇ ਕੈਂਸਰ ਜਾਂ ਕਿਰ੍ਹੋਸਿਸ ਵੱਲ ਧਕੇਲ ਸਕਦਾ ਹੈ। ਕੁੱਝ ਲੋਕਾਂ ਨੂੰ ਹੈਪੇਟਾਈਟਿਸ ਬੀ ਦਾ ਰੋਗ਼ ਪੈਦਾ ਹੋ ਸਕਦਾ ਹੈ ਜਿਹੜੇ ਇਸ ਰੋਗ਼ ਦੇ ਲੱਗਣ ਵਾਰੇ ਸੁਚੇਤ ਵੀ ਨਹੀਂ ਹੁੰਦੇ।ਇਹ ਲੋਕ ਬਿਨਾਂ ਜਾਣੇ ਰੋਗ਼ ਦਾ ਪਸਾਰਾ ਅੱਗੇ ਕਰ ਸਕਦੇ ਹਨ।

## ਸ: ਹੈਪੇਟਾਈਟਿਸ ਬੀ ਕਿਵੇਂ ਫੈਲਦਾ ਹੈ ?

- ਰੋਗ਼ੀ ਮਾਂ ਦੁਆਰਾ ਆਪਣੇ ਬੱਚੇ ਨੂੰ ਜਨਮ ਸਮੇਂ ਅਤੇ ਛਾਤੀਆਂ ਦਾ ਦੁੱਧ ਪਿਆਉਣ ਵੇਲੇਂ
- ਬੱਚੇ-ਤੋਂ-ਬੱਚੇ ਨੂੰ, ਅਕਸਰ ਖੁੱਲੇ ਘਾਉ ਜਾਂ ਜ਼ਖਮਾਂ ਦੀ ਆਪਸੀ ਛੂਹ ਰਾਹੀਂ
- ਅਸੁਰੱਖਿਅਤ ਸੰਭੋਗ ਕਰਕੇ
- ਸੂਈ ਸੋਟੀ ਦੇ ਜ਼ਖਮਾਂ ਤੋਂ
- ਰੋਗ਼ਾਣੂ-ਗ੍ਰਸਤ ਉਪਕਰਣਾਂ ਨਾਲ ਟੈਟੂ ਬਣਵਾਉਣ ਜਾਂ ਸਰੀਰ ਦੀ ਤਰਾਸ਼ੀ ਨਾਲ
- ਟੀਕਾ ਲਗਾਉਣ ਵਾਲੇ ਉਪਕਰਣਾਂ ਦੀ ਸਾਂਝੀ ਵਰਤੋਂ ਕਰਕੇ।

## ਸ: ਟੀਕੇ ਕਿਵੇਂ ਕੰਮ ਕਰਦੇ ਹਨ ?

ਟੀਕੇ ਸਰੀਰ ਦੀ ਸੁਰੱਖਿਆ ਪ੍ਰਨਾਲੀ ਨੂੰ ਕੁਝ ਲਾਗਾਂ ਦੇ ਟਾਕਰੇ ਲਈ ਸਰਗਰਮ ਕਰਦੇ ਹਨ। ਜੇ ਇਕ ਟੀਕਾਕਰਨ ਕੀਤਾ ਵਿਅਕਤੀ ਇਹਨਾਂ ਲਾਗਾਂ ਦੇ ਸੰਪਰਕ ਵਿਚ ਆਉਂਦਾ ਹੈ, ਤਾਂ, ਉਹਨਾਂ ਦੀ ਸਰੀਰਕ ਸੁਰੱਖਿਆ ਪ੍ਰਨਾਲੀ, ਬਿਮਾਰੀ ਨੂੰ ਰੋਕਣ ਜਾਂ ਇਸਦੀ ਤੀਬਰਤਾ ਨੂੰ ਘੱਟ ਕਰਨ ਲਈ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇ ਸਕਦੀ ਹੈ।

## ਸ: ਟੀਕਾ ਕਿੰਨਾਂ ਅਸਰਕਾਰੀ ਹੈ ?

ਹੈਪੇਟਾਈਟਿਸ ਬੀ ਵਿਰੋਧੀ ਟੀਕੇ ਦੇ ਤੱਤ ਹੈਪੇਟਾਈਟਿਸ ਬੀ ਦੇ ਰੋਗ਼ ਵਿਰੁੱਧ ਸੁਰੱਖਿਆਂ ਦੇਣ ਲਈ ਬਹੁਤ ਪ੍ਰਭਾਵਸ਼ਾਲੀ ਹੈ।

## ਸ: ਇਸ ਕੋਰਸ ਲਈ ਕਿੰਨੀਆਂ ਖ਼ੁਰਾਕਾਂ ਜਰੂਰੀ ਹਨ ?

ਇੰਨਟੈਨਸਿਵ ਇੰਗਲਿਸ਼ ਸੈਂਟਰ ਵਿੱਚ, ਹੈਪੇਟਾਈਟਿਸ ਬੀ ਟੀਕਾਕਰਨ ਇੱਕ 2-ਖ਼ੁਰਾਕੀ ਕੋਰਸ ਵਿੱਚ ਦਿੱਤੇ ਜਾਣਗੇ ਅਤੇ ਦੂਸਰੀ ਖ਼ੁਰਾਕ ਪਹਿਲੀ ਖ਼ੁਰਾਕ ਦੇ 4 ਤੋਂ 6 ਮਹੀਨਿਆਂ ਬਾਅਦ ਦਿੱਤੀ ਜਾਵੇਗੀ।

## ਸ: ਕੀ ਮੇਰੇ ਬੱਚੇ ਨੂੰ ਹੈਪੇਟਾਈਟਿਸ ਬੀ ਦੇ ਰੋਗ਼ ਤੋਂ ਸੁਰੱਖਿਆ ਹੋਵੇਗੀ ਜੇ ਉਹ ਹੈਪੇਟਾਈਟਿਸ ਬੀ ਵਿਰੋਧੀ ਟੀਕੇ ਦੇ ਤੱਤਾਂ ਦੀ ਇੱਕ ਹੀ ਖ਼ੁਰਾਕ ਲੈਂਦਾ / ਲੈਂਦੀ ਹੈ ?

ਨਹੀਂ। ਨੌਜਵਾਨਾਂ ਨੂੰ (ਉਮਰ 11-15 ਸਾਲ ਦੀ ਉਮਰ ਦੇ ਵਿੱਚ) ਹੈਪੇਟਾਈਟਿਸ ਬੀ ਰੋਗ਼ ਵਿਰੁਧ ਸੁਰੱਖਿਆ ਲਈ ਸਰੀਰਕ ਸੁਰੱਖਿਆ ਟੀਕੇ ਦੇ ਤੱਤਾਂ ਦੀਆਂ 2 ਬਾਲਗ਼ ਖੁਰਾਕਾਂ ਜਰੂਰੀ ਹਨ।

